

ਅਖੰਡ ਕੀਰਤਨੀ ਜਥੇ ਦਾ ਮਾਸਿਕ ਪੱਤਰ

# ਸੋ ਕਹੀਅਤ ਹੈ ਸੂਰਾ


ਅਪ੍ਰੈਲ ੨੦੧੩,
ਚੇਤ-ਵੈਸਾਖ
੫੪੫ ਨਾਨਕਸ਼ਾਹੀ
₹ 10

## ਅੰਤਰਜਾਮੀ ਸਤਿਗੁਰੂ ਦਸਮੇਸ਼ ਜੀ ਦਾ

## ਵੈਸਾਖੀ ਤੇ ਅੰਮ੍ਰਿਤ ਸਮਾਗਮ

## ਰਚਣ ਦਾ ਚੋਜ

For Private Circulation only




## 'ਸੋ ਕਹੀਅਤ ਹੈ ਸੂਰਾ' ਲਈ ਸਹਾਇਤਾ ਦੇਣ ਵਾਲੇ ਸੱਜਣ

| | | |
|---|---|---|
| 1. ਭਾਈ ਬਲਵੰਤ ਸਿੰਘ ਕਾਹਨੂੰਵਾਨ | | 1000 ਰੁਪਏ |
| 2. ਭਾਈ ਕੁਲਵਿੰਦਰਪਾਲ ਸਿੰਘ ਗੁਰਦਾਸਪੁਰ | | 3000 ਰੁਪਏ |
| 3. ਭਾਈ ਗੁਰਦੀਪ ਸਿੰਘ ਪਠਾਨਕੋਟ | | 1000 ਰੁਪਏ |
| 4. ਗੁਪਤ | | 100 ਰੁਪਏ |
| ਕੁੱਲ ਜੋੜ | = | 5100 ਰੁਪਏ |

ਇਕ ਸੂਝਵਾਨ ਸਿੰਘ ਵਲੋਂ ਸੁਝਾਅ ਆਇਆ ਹੈ ਕਿ ਜਿਹੜੇ ਲੋੜਵੰਦ ਸਿੰਘ 'ਸੋ ਕਹੀਅਤ ਹੈ ਸੂਰਾ' ਦਾ ਸਾਲਾਨਾ ਚੰਦਾ ੧੦੦ ਰੁਪਏ ਦੇਣ ਤੋਂ ਅਸਮਰੱਥ ਹਨ, ਉਨ੍ਹਾਂ ਨੂੰ ੫੦ ਰੁਪਏ ਸਾਲਾਨਾ ਚੰਦੇ 'ਤੇ ਰਸਾਲਾ ਦਿੱਤਾ ਜਾਵੇ। ਇਸ ਸੁਝਾਅ 'ਤੇ ਅਮਲ ਕਰਦਿਆਂ ਵਿਸਾਖੀ ਸਮਾਗਮ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲੋੜਵੰਦ ਸੱਜਣਾਂ ਲਈ ੫੦ ਰੁਪਏ ਸਾਲਾਨਾ ਚੰਦੇ 'ਤੇ 'ਸੋ ਕਹੀਅਤ ਹੈ ਸੂਰਾ' ਦੀ ਮੈਂਬਰਸ਼ਿਪ ਦਿੱਤੀ ਜਾਵੇਗੀ।

'ਸੋ ਕਹੀਅਤ ਹੈ ਸੂਰਾ' ਮਾਸਿਕ ਪੱਤਰ ਜੇਕਰ ਪਾਠਕ ਜਨ-ਸੰਗਤਾਂ ਨੂੰ ਹਰੇਕ ਮਹੀਨੇ ਦੀ 10 ਤਾਰੀਖ਼ ਤੱਕ ਨਹੀਂ ਮਿਲਦਾ ਤਾਂ ਆਪਣੇ ਨੇੜਲੇ 'ਸੂਰਾ ਪ੍ਰਤੀਨਿਧ' ਨਾਲ ਸੰਪਰਕ ਕਰ ਸਕਦੇ ਹਨ ਅਤੇ ਜੇਕਰ ਫਿਰ ਵੀ ਨਿਯਮਤ ਤੌਰ 'ਤੇ ਪਰਚਾ ਨਹੀਂ ਮਿਲਦਾ ਤਾਂ ਉਹ ਸਾਡੇ ਦਫ਼ਤਰ ਦੇ ਫ਼ੋਨ ਨੰਬਰ : 0172-4643987 'ਤੇ ਸੂਚਿਤ ਕਰਨ ਦੀ ਕ੍ਰਿਪਾਲਤਾ ਕਰਨ ਜੀ।

**See Online Edition**

**www.akjsura.org**

## 'ਸੋ ਕਹੀਅਤ ਹੈ ਸੂਰਾ' ਹੇਠਾਂ ਦਿੱਤੇ ਸਿੰਘਾਂ ਤੋਂ ਪ੍ਰਾਪਤ ਕਰ ਸਕਦੇ ਹੋ

੧. ਸ੍ਰੀ ਅੰਮ੍ਰਿਤਸਰ ਸਾਹਿਬ - ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟ੍ਰਸਟ, ਚੌਂਕ ਬਾਬਾ ਸਾਹਿਬ, ਨੇੜੇ ਸ੍ਰੀ ਦਰਬਾਰ ਸਾਹਿਬ। ਭਾਈ ਅਮਨਦੀਪ ਸਿੰਘ, ਫ਼ੋਨ : 94173-08093
੨. ਅੰਬਾਲਾ - ਸੂਬੇਦਾਰ ਮੇਜਰ ਬਲਦੇਵ ਸਿੰਘ, ਫ਼ੋਨ : 094666-93516
੩. ਫ਼ਗਵਾੜਾ - ਭਾਈ ਕੁਲਦੀਪ ਸਿੰਘ, ਫ਼ੋਨ : 98786-23523
੪. ਜੰਮੂ - ਭਾਈ ਜਸਮੀਤ ਸਿੰਘ, ਫ਼ੋਨ : 094191-54545
੫. ਮੋਗਾ - ਭਾਈ ਸਤਨਾਮ ਸਿੰਘ, ਫ਼ੋਨ : 94633-41799
੬. ਤਰਨਤਾਰਨ - ਭਾਈ ਅਮਰ ਸਿੰਘ , ਫ਼ੋਨ : 94783,-50456
੭. ਜਲੰਧਰ - ਭਾਈ ਗੁਰਕ੍ਰਿਪਾਲ ਸਿੰਘ, ਫ਼ੋਨ : 98140-66102
੮. ਯਮੁਨਾਨਗਰ - ਭਾਈ ਬਲਦੇਵ ਸਿੰਘ, ਫ਼ੋਨ : 090347-16179
੯. ਬਠਿੰਡਾ - ਭਾਈ ਅਮਰੀਕ ਸਿੰਘ, ਫ਼ੋਨ : 94632-14774
੧੦. ਪਟਿਆਲਾ - ਭਾਈ ਸੁਲੱਖਣ ਸਿੰਘ, ਖ਼ਾਲਸਾ ਨਿਸ਼ਾਨ ਸਟੋਰ, ਦੁਕਾਨ ਨੰ : 15, ਗੁ. ਦੂਖਨਿਵਾਰਨ ਸਾਹਿਬ ਮਾਰਕੀਟ, ਫ਼ੋਨ : 0175-2361415
੧੧. ਬਰੇਲੀ (ਉਤਰ ਪ੍ਰਦੇਸ਼) - ਡਾ. ਰਜਿੰਦਰ ਸਿੰਘ, ਫ਼ੋਨ : 098379-88530
੧੨. ਰੂਪਨਗਰ - ਭਾਈ ਰਾਮ ਸਿੰਘ, ਫ਼ੋਨ : 82880-05592
੧੩. ਗੁਰਦਾਸਪੁਰ - ਭਾਈ ਹਰਦਿਆਲ ਸਿੰਘ, ਫ਼ੋਨ : 98728-18933
੧੪. ਪਠਾਨਕੋਟ - ਭਾਈ ਕੰਵਲਜੀਤ ਸਿੰਘ, ਫ਼ੋਨ : 94177-77632
੧੫. ਬਟਾਲਾ - ਭਾਈ ਗੋਪਾਲ ਸਿੰਘ, ਫ਼ੋਨ : 94640-80003
੧੬. ਦਸੂਹਾ - ਭਾਈ ਮਾਨ ਸਿੰਘ, ਫ਼ੋਨ : 94634-72687
੧੭. ਲੁਧਿਆਣਾ- ਭਾਈ ਮੇਵਾ ਸਿੰਘ, ਫ਼ੋਨ : 94641-38123
੧੮. ਕੁਰਾਲੀ - ਡਾ. ਰਣਜੀਤ ਸਿੰਘ, ਫ਼ੋਨ : 97796-37757
੧੯. ਖਰੜ- ਭਾਈ ਦਿਲਬਾਗ ਸਿੰਘ ਫ਼ੋਨ : 98148-25813
੨੦. ਸਮਾਣਾ-ਭਾਈ ਭਰਪੂਰ ਸਿੰਘ, ਫ਼ੋਨ : 98721-58627
੨੧. ਜੈਪੁਰ - ਭਾਈ ਹਰਜੀਤ ਸਿੰਘ, ਫ਼ੋਨ : 099284-30000
੨੨. ਆਗਰਾ- ਭਾਈ ਜਸਪਾਲ ਸਿੰਘ, ਫ਼ੋਨ : 097604-75575
੨੩. ਜੱਬਲਪੁਰ- ਭਾਈ ਮਨਜੀਤ ਸਿੰਘ, ਫ਼ੋਨ : 098261-48416
੨੪. ਦਿੱਲੀ- ਭਾਈ ਗੁਰਮੀਤ ਸਿੰਘ ਕਸ਼ਮੀਰੀ, ਫ਼ੋਨ : 098111-14510
੨੫. ਅਮਰੀਕਾ-ਭਾਈ ਭਗਤਜੋਤ ਸਿੰਘ, ਫ਼ੋਨ +1-404-408-7240
ਭਾਈ ਬਲਜੀਤ ਸਿੰਘ ਲਾਸਵੇਗਸ, ਫ਼ੋਨ : +1-702-748-7372
ਭਾਈ ਮਲਕੀਤ ਸਿੰਘ ਸਿਆਟਲ ਫ਼ੋਨ : +1-253-682-9337
੨੬. ਡੈਨਮਾਰਕ-ਭਾਈ ਗੁਰਸੇਵਕ ਸਿੰਘ ਫ਼ੋਨ : +456-199-9854

ਸੋ ਕਹੀਅਤ ਹੈ ਸੂਰਾ

For Private Circulation only

Volume 1 Issue 4

ਸਰਪ੍ਰਸਤ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

ਪ੍ਰਬੰਧਕੀ ਸੰਪਾਦਕ
ਪ੍ਰਿੰਸੀਪਲ ਜੋਗਿੰਦਰ ਸਿੰਘ

ਸੰਪਾਦਕ
ਤਲਵਿੰਦਰ ਸਿੰਘ ਬੁੱਟਰ

ਸਲਾਹਕਾਰ ਬੋਰਡ
ਭਾਈ ਬਖ਼ਸ਼ੀਸ਼ ਸਿੰਘ ਫ਼ਗਵਾੜਾ
ਭਾਈ ਜੋਧ ਸਿੰਘ ਦਿੱਲੀ
ਪ੍ਰੋ. ਮਨਮੋਹਨ ਸਿੰਘ ਅਜੀਤਗੜ੍ਹ
ਭਾਈ ਦਲਜਿੰਦਰ ਸਿੰਘ ਪਟਿਆਲਾ
ਭਾਈ ਅਜੀਤ ਸਿੰਘ ਲੁਧਿਆਣਾ

ਕਾਨੂੰਨੀ ਸਲਾਹਕਾਰ
ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ

ਮੁੱਖ ਦਫ਼ਤਰ
ਮਕਾਨ ਨੰਬਰ : 532, ਫ਼ੇਜ਼-3ਬੀ1, ਅਜੀਤਗੜ੍ਹ (ਮੋਹਾਲੀ) ਪਿੰਨ : 160059
ਫ਼ੋਨ ਨੰਬਰ : 93177-53202

ਰਚਨਾਵਾਂ ਭੇਜਣ ਦਾ ਪਤਾ
ਮਾਰਫ਼ਤ ਤਲਵਿੰਦਰ ਸਿੰਘ ਬੁੱਟਰ
ਸ਼ਹੀਦ ਬਾਬਾ ਦੀਪ ਸਿੰਘ ਜੀ ਕਲੋਨੀ,
ਸ੍ਰੀ ਦਸਮੇਸ਼ ਅਕੈਡਮੀ ਰੋਡ,
ਸ੍ਰੀ ਅਨੰਦਪੁਰ ਸਾਹਿਬ। ਪਿੰਨ : 140118
e-mail : akjmagzine@yahoo.com
ਫ਼ੋਨ ਨੰਬਰ : 94649-44440
(ਕੇਵਲ ਸੰਪਾਦਕੀ ਮਾਮਲਿਆਂ ਲਈ)

# ਸੰਪਾਦਕੀ

## ੧੯੭੮ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ...

ਹੱਕ, ਸੱਚ ਦੇ ਉਥਾਨ ਅਤੇ ਝੂਠ ਤੇ ਜਬਰ-ਜ਼ੁਲਮ ਦੇ ਨਾਸ਼ ਲਈ ਸਿੱਖ ਕੌਮ ਨਿਰੰਤਰ ਸੰਘਰਸ਼ ਕਰਦੀ ਆਈ ਹੈ। ਇਸੇ ਕਰਕੇ ਹੀ ਅੱਜ ਤੱਕ ਸਿੱਖ ਕੌਮ ਨੂੰ ਝੂਠ ਦੇ ਵਪਾਰੀਆਂ, ਦੰਭੀਆਂ, ਜ਼ਾਲਮਾਂ ਤੇ ਜ਼ਰਵਾਣਿਆਂ ਨੇ ਹਮੇਸ਼ਾ ਖ਼ਤਮ ਕਰਨ ਦਾ ਤਾਣ ਲਗਾਇਆ ਹੋਇਆ ਹੈ। ਸੰਨ ੧੯੭੮ ਦੀ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਾਪਰੇ ਸ਼ਹੀਦੀ ਸਾਕੇ ਦੀ ਘਟਨਾ ਵੀ ਦੰਭ ਤੇ ਕੁਫ਼ਰ ਦੇ ਖਿਲਾਫ਼ ਸਿੱਖ ਧਰਮ ਦੀ ਸਿਧਾਂਤਕ ਸਪੱਸ਼ਟਤਾ, ਦ੍ਰਿੜ੍ਹਤਾ ਅਤੇ ਆਪਣੇ ਇਸ਼ਟ ਖ਼ਾਤਰ ਕੁਰਬਾਨੀ ਦੀ ਮਿਸਾਲ ਸੀ। ਇਹ ਘਟਨਾ ਸਿੱਖ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ ਪਰ ਅਜੋਕੇ ਹਾਲਾਤ ਦੇਖੀਏ ਤਾਂ ਮੁੜ ੧੯੭੮ ਵਾਂਗ ਅੱਜ ਵੀ ਸਿੱਖ ਕੌਮ ਨੂੰ ਦੰਭੀ ਗੁਰੂਆਂ, ਜਾਬਰਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕਾ ਪਾਲਣ ਵਾਲੇ ਦੁਸ਼ਟਾਂ ਵਲੋਂ ਨਿਰੰਤਰ ਚੁਣੌਤੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਚੁਣੌਤੀਆਂ ਇਕ ਡੂੰਘੇ ਸਿਧਾਂਤਕ ਪ੍ਰਸੰਗ ਤਹਿਤ ਦਿੱਤੀਆਂ ਜਾ ਰਹੀਆਂ ਹਨ। ਦਿਨ-ਬ-ਦਿਨ ਹਕੂਮਤੀ ਸਰਪ੍ਰਸਤੀ ਹੇਠ ਦੇਹਧਾਰੀ ਗੁਰੂਡੰਮੀ ਅਤੇ ਵਿਹਲੜ ਡੇਰੇਦਾਰਾਂ ਦੀਆਂ ਫ਼ੌਜਾਂ ਅਮਰ ਵੇਲ ਵਾਂਗ ਪੰਜਾਬ ਦੀ ਧਰਤੀ 'ਤੇ ਵੱਧਦੀਆਂ ਜਾ ਰਹੀਆਂ ਹਨ। ਇਥੇ ਹੀ ਬੱਸ ਨਹੀਂ, ਸਿੱਖਾਂ ਦੇ ਸਿਧਾਂਤ 'ਤੇ ਸੱਟ ਮਾਰਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸ਼ਰੀਕਾ ਪਾਲਣਾ ਅਤੇ ਸਿੱਖੀ ਅਣਖ ਨੂੰ ਵੰਗਾਰਨਾ ਇਨ੍ਹਾਂ ਸਾਰੇ ਦੇਹਧਾਰੀ ਗੁਰੂਡੰਮੀਆਂ ਦਾ ਅਕੀਦਾ ਹੈ। ਗੁਰਬਾਣੀ ਦੇ ਅਰਥਾਂ ਨੂੰ ਆਪਣੇ ਦੇਹਧਾਰੀ ਗੁਰੂਡੰਮ ਨੂੰ ਫ਼ੈਲਾਉਣ ਲਈ ਤੋੜ-ਮਰੋੜ ਕੇ ਪੇਸ਼ ਕਰਨਾ ਅਤੇ 'ਅੰਧੀ ਰਈਅਤ' ਦੇ ਵੱਗਾਂ ਨੂੰ ਆਪਣੇ ਪਿੱਛੇ ਲਗਾ ਕੇ ਸਮੂਹਿਕ ਸਿੱਖੀ ਚੇਤਨਾ ਨੂੰ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਤੋੜਨ ਦੇ ਯਤਨ ਇਨ੍ਹਾਂ ਦੀਆਂ ਡੂੰਘੀਆਂ ਸਾਜਿਸ਼ੀ ਨੀਤੀਆਂ ਦਾ ਹਿੱਸਾ ਹਨ। ਇਸ ਦੇ ਪ੍ਰਭਾਵ ਕਾਰਨ ਹੀ ਅੱਜ ਬਹੁਗਿਣਤੀ ਸਿੱਖ ਕਹਾਉਣ ਵਾਲੇ ਲੋਕ ਸ਼ਬਦ ਗੁਰੂ ਦਾ ਲੜ ਛੱਡ ਕੇ ਦੇਹਧਾਰੀਆਂ ਕੋਲੋਂ ਸ਼ੋਸ਼ਣ ਦਾ ਸ਼ਿਕਾਰ ਵੀ ਹੋ ਰਹੇ ਹਨ। ਸੰਨ ੧੯੭੮ ਵਿਚ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਬਦ ਗੁਰੂ ਦੀ ਤੌਹੀਨ ਅਤੇ ਸਿੱਖੀ ਅਣਖ ਨੂੰ ਵੰਗਾਰ ਪੈਣ ਕਾਰਨ ੧੩ ਸਿੰਘਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਸੀ ਅਤੇ ਉਸ ਤੋਂ ਬਾਅਦ ਸਿੱਖ ਕੌਮ ਨੂੰ ਦੋ ਦਹਾਕੇ ਦੇ ਲਗਭਗ ਲਹੂ ਵੀਟਵਾਂ ਸੰਘਰਸ਼ ਕਰਨਾ ਪਿਆ। ਅੱਜ ਫ਼ਿਰ ਸਮੇਂ ਦੀਆਂ ਹਕੂਮਤਾਂ ਸਿੱਖਾਂ ਦਾ ਦਮਨ ਕਰਨ ਲਈ ਤਿੰਨ ਦਹਾਕੇ ਪਹਿਲਾਂ ਵਾਲੇ ਹੀ ਹਾਲਾਤ ਪੈਦਾ ਕਰਨ 'ਤੇ ਤੁਲੀਆਂ ਹੋਈਆਂ ਹਨ। ਪਰ ਅੱਜ ਸਾਨੂੰ ਸਭ ਤੋਂ ਪਹਿਲਾਂ ਆਪਣੇ ਅੰਦਰ ਦੀਆਂ ਗਿਰਾਵਟਾਂ ਨੂੰ ਦੂਰ ਕਰਕੇ ਸਿੱਖੀ ਆਚਰਣ, ਸ਼ਬਦ ਗੁਰੂ 'ਤੇ ਅਟੁੱਟ ਸ਼ਰਧਾ ਅਤੇ ਸਿਧਾਂਤ ਦੇ ਪ੍ਰਪੱਕ ਧਾਰਨੀ ਹੋਣਾ ਚਾਹੀਦਾ ਹੈ ਅਤੇ ਸਮੂਹਿਕ ਸਿੱਖ ਚੇਤਨਾ ਨੂੰ ਗੁਰਬਾਣੀ ਦੇ ਕਥਨ 'ਸਤਿਗੁਰ ਬਾਝੌ ਗੁਰ ਨਹੀਂ ਕੋਇ' ਦੇ ਅਨਮੋਲ ਸਿਧਾਂਤ ਨਾਲ ਜੋੜਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਜਿਹੜੇ ਮਨੋਰਥ ਖ਼ਾਤਰ, ਜਿਸ ਅਣਖੀਲੀ ਪ੍ਰੰਪਰਾ ਨੂੰ ਸੁਰਜੀਤ ਰੱਖਣ ਖ਼ਾਤਰ ੧੯੭੮ ਦੀ ਵਿਸਾਖੀ ਵਾਲੇ ਦਿਨ ੧੩ ਸਿੰਘਾਂ ਨੇ ਸ਼ਹੀਦੀਆਂ ਪਾਈਆਂ, ਸਾਨੂੰ ਉਨ੍ਹਾਂ ਗੁਰਮਤਿ ਸਿਧਾਂਤਾਂ ਨੂੰ ਅਜੋਕੇ ਪ੍ਰਸੰਗ ਦੀਆਂ ਅੰਤਰ ਦ੍ਰਿਸ਼ਟੀਆਂ ਨਾਲ ਦੇਖ ਕੇ ਗੁਰਸਿੱਖੀ ਸਿਧਾਂਤ 'ਤੇ ਆਪੋ ਆਪਣੀ ਸਮਰੱਥਾ ਮੁਤਾਬਕ ਪਹਿਰਾ ਦੇਣਾ ਚਾਹੀਦਾ ਹੈ। ਇਹ ਹੀ ਸਮੇਂ ਦੀ ਮੁੱਖ ਮੰਗ ਹੈ। ਅਸੀਂ ੧੯੭੮ ਦੇ ਸ਼ਹੀਦੀ ਸਾਕੇ ਦੇ ਸਮੂਹ ਸ਼ਹੀਦਾਂ ਨੂੰ ਸਤਿਕਾਰ ਭਾਵਨਾ ਭੇਟ ਕਰਦਿਆਂ ਗੁਰੂ ਸਾਹਿਬ ਅੱਗੇ ਅਰਦਾਸ ਕਰਦੇ ਹਾਂ ਕਿ ਆਪਣੇ ਪੰਥ ਨੂੰ ਅਜੋਕੀਆਂ ਕਲਯੁਗੀ ਬਿਖਮ ਚੁਣੌਤੀਆਂ ਦੇ ਦੌਰ ਦਾ ਸਾਹਮਣਾ ਕਰਨ ਲਈ ਬਲ ਬਖ਼ਸ਼ਣ।

### ਬੇਨਤੀ

ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।

### ਚੰਦਾ

ਸਾਲਾਨਾ ਚੰਦਾ
ਭਾਰਤ 100 ਰੁਪਏ,
ਵਿਦੇਸ਼ਾਂ ਲਈ 1200 ਰੁਪਏ।

ਉਮਰ ਭਰ ਲਈ ਚੰਦਾ
ਭਾਰਤ 1500 ਰੁਪਏ,
ਵਿਦੇਸ਼ਾਂ ਲਈ 10,000 ਰੁਪਏ।

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

**ਅੰਕ : ੪** **ਸਾਲ : ੧** **ਅਪ੍ਰੈਲ ੨੦੧੩**

**ਚੇਤ-ਵੈਸਾਖ, ੫੪੫ ਨਾਨਕਸ਼ਾਹੀ**

# ਸੋ ਕਹੀਅਤ ਹੈ ਸੂਰਾ

**ਅਖੰਡ ਕੀਰਤਨੀ ਜਥੇ ਦਾ ਨਿਰੋਲ ਧਾਰਮਿਕ ਮਾਸਿਕ ਪੱਤਰ**

'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।

## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸੰਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸੰਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

## ਅੰਮ੍ਰਿਤ ਦੀ ਮਹੱਤਤਾ

*'ਅੰਮ੍ਰਿਤ' ਦੀ ਪਵਿੱਤ੍ਰਤਾ ਇਸ ਗੱਲ ਵਿਚ ਹੈ ਕਿ ਅੰਮ੍ਰਿਤਧਾਰੀ ਖ਼ਾਲਸਾ ਜਨ ਦੇ ਅੰਮ੍ਰਿਤ ਛਕਣ ਸਾਰ ਹੀ ਪੂਰਬ ਕਮਾਤੇ ਪਾਪ ਕਰਮ ਸਭ ਬਿਨਾਸ ਹੋ ਜਾਂਦੇ ਹਨ।*

**- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

**ਵੈਸਾਖੀ ਤੇ ਅੰਮ੍ਰਿਤ ਸਮਾਗਮ ਰਚਣ ਦਾ ਚੋਜ** ੪
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਸ੍ਰੀ ਅਕਾਲ ਪੁਰਖ ਕਾ ਖ਼ਾਲਸਾ** ੬
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਆਪੇ ਗੁਰ ਚੇਲਾ** ੭
ਪ੍ਰੋ. ਪੂਰਨ ਸਿੰਘ ਜੀ

**ਔਰੰਗਜ਼ੇਬ ਦੇ ਜਾਸੂਸ ਦੀ ਅੱਖੀਂ ਡਿੱਠੀ ਰਿਪੋਰਟ** ੧੧
ਤਲਵਿੰਦਰ ਸਿੰਘ ਬੁੱਟਰ

**ਤੰਬੂ ਤੋਂ ਤੰਬੂ ਤੱਕ** ੧੪
ਡਾ. ਕੁਲਦੀਪ ਕੌਰ

**ਗੁਰੂ ਪਰੰਪਰਾ ਦੀ ਸਿਖਰ ਦਾ ਪ੍ਰਗਟਾਅ** ੧੭
ਡਾ. ਜਸਪਾਲ ਸਿੰਘ

**ਫ਼ਕੀਰ** ੧੯
ਪ੍ਰੋ. ਪੂਰਨ ਸਿੰਘ ਜੀ

**ਵਿਸਾਖੀ ੧੯੭੮ ਦੇ ਸ਼ਹੀਦੀ ਸਾਕੇ ਦੇ ਸਬਕ** ੨੧
ਬਲਜੀਤ ਸਿੰਘ ਖ਼ਾਲਸਾ

**੧੯੭੮ ਦੇ ਸਾਕੇ ਦੇ ਸ਼ਹੀਦ ਸਿੰਘਾਂ ਦਾ ਵੇਰਵਾ** ੨੪

ਮਾਲਕ, ਪ੍ਰਕਾਸ਼ਕ ਤੇ ਛਾਪਕ ਸਤਿੰਦਰਪਾਲ ਸਿੰਘ ਨੇ ਕਲਾਸਿਕ ਪ੍ਰਿੰਟੋਗ੍ਰਾਫ਼ਿਕਸ, 240, ਇੰਡਸਟਰੀਅਲ ਏਰੀਆ ਫ਼ੇਜ਼-1 ਪੰਚਕੂਲਾ ਤੋਂ ਛਪਵਾ ਕੇ ਅਖੰਡ ਕੀਰਤਨੀ ਜਥੇ ਵਲੋਂ ਮਕਾਨ ਨੰਬਰ : 532, ਫ਼ੇਜ਼-3ਬੀ1, ਅਜੀਤਗੜ੍ਹ ਤੋਂ ਜਾਰੀ ਕੀਤਾ।

# ਵੈਸਾਖਿ ਧੀਰਨਿ ਕਿਉ ਵਾਢੀਆ

ਵੈਸਾਖਿਧੀਰਨਿਕਿਉਵਾਢੀਆਜਿਨਾਪ੍ਰੇਮਬਿਛੋਹੁ ॥
ਹਰਿਸਾਜਨੁਪੁਰਖੁਵਿਸਾਰਿਕੈਲਗੀਮਾਇਆਧੋਹੁ ॥
ਪੁਤ੍ਰਕਲਤ੍ਰਨਸੰਗਿਧਨਾਹਰਿਅਵਿਨਾਸੀਓਹੁ ॥
ਪਲਚਿਪਲਚਿਸਗਲੀਮੁਈਝੂਠੈਧੰਧੈਮੋਹੁ ॥
ਇਕਸੁਹਰਿਕੇਨਾਮਬਿਨੁਅਗੈਲਈਅਹਿਖੋਹਿ ॥
ਦਯੁਵਿਸਾਰਿਵਿਗੁਚਣਾਪ੍ਰਭਬਿਨੁਅਵਰੁਨਕੋਇ ॥
ਪ੍ਰੀਤਮਚਰਣੀਜੋਲਗੇਤਿਨਕੀਨਿਰਮਲਸੋਇ ॥
ਨਾਨਕਕੀਪ੍ਰਭਬੇਨਤੀਪ੍ਰਭਮਿਲਹੁਪਰਾਪਤਿਹੋਇ ॥
ਵੈਸਾਖੁਸੁਹਾਵਾਤਾਂਲਗੈਜਾਸੰਤੁਭੇਟੈਹਰਿਸੋਇ ॥੩॥ ( ॥੧੪॥੧॥)
(ਬਾਰਹਮਾਹਾਮਾਂਝਮਹਲਾ ੫)

## ਅਰਥ

ਵਿਸਾਖ ਦੁਆਰਾ ਉਪਦੇਸ਼ ਹੈ ਕਿ ਜੋ ਵਿਛੜੀਆਂ ਹੋਈਆਂ (ਜੀਵ ਇਸਤ੍ਰੀ, ਇਨਸਾਨੀ ਰੂਹਾਂ) ਹਨ ਅਤੇ ਪ੍ਰੇਮ ਤੋਂ ਖ਼ਾਲੀ ਹਨ, ਉਨ੍ਹਾਂ ਨੂੰ ਧੀਰਜ ਕਿਸ ਤਰ੍ਹਾਂ ਆ ਸਕਦਾ ਹੈ? ਹਰਿ ਸੱਜਣ ਪੁਰਖ ਨੂੰ ਛੱਡ ਕੇ (ਉਨ੍ਹਾਂ ਨੂੰ) ਛਲ ਰੂਪ ਮਾਇਆ ਦੀ ਖਿੱਚ ਲੱਗੀ ਹੋਈ ਹੈ। ਉਸ ਅਬਿਨਾਸੀ ਹਰੀ ਤੋਂ ਬਿਨ੍ਹਾਂ ਪੁੱਤਰ, ਇਸਤ੍ਰੀ ਤੇ ਧਨ ਕੋਈ ਵੀ ਸਾਥ ਨਹੀਂ ਦਿੰਦਾ। ਝੂਠੇ ਧੰਧੇ ਤੇ ਮੋਹ ਵਿਚ ਪਲਚ ਪਲਚ ਕੇ ਸਾਰੇ ਮਰ ਰਹੇ ਹਨ। ਇਕ ਹਰੀ ਦੇ ਨਾਮ ਬਾਝੋਂ ਅੱਗੇ ਸਭ ਕੁਝ ਖੋਹਿਆ ਜਾਂਦਾ ਹੈ। ਪ੍ਰਭੂ ਤੋਂ ਬਿਨ੍ਹਾ ਹੋਰ ਕੋਈ ਨਹੀਂ (ਤੇ) ਉਸ ਨੂੰ ਵਿਸਾਰ ਕੇ ਪਛਤਾਵਾ ਹੀ ਪਛਤਾਵਾ ਹੈ। (ਪਰ) ਜੋ ਉਸ ਪ੍ਰੀਤਮ ਦੇ ਚਰਨੀਂ ਲੱਗ ਗਏ ਹਨ, ਉਨ੍ਹਾਂ ਦੀ ਸੋਭਾ ਬੜੀ ਨਿਰਮਲ ਹੋ ਗਈ ਹੈ। (ਗੁਰੂ) ਨਾਨਕ ਦੀ ਬੇਨਤੀ ਹੈ ਕਿ ਹੇ ਪ੍ਰਭੂ ਜੀ! ਮਿਲੋ ਤਾਂ ਜੁ ਮੇਰੇ ਕੁਝ ਪੱਲੇ ਪਵੇ। ਵਿਸਾਖ ਤਦ ਸੁਹਾਵਣਾ ਹੈ ਜੇ ਵਾਹਿਗੁਰੂ ਜੀ (ਪੂਰਨ) ਸੰਤ ਦੇ ਦਰਸ਼ਨ ਕਰਾ ਦੇਣ।

# ਅੰਤਰਯਾਮੀ ਸਤਿਗੁਰੂ ਦਸਮੇਸ਼ ਜੀ ਦਾ

# ਵੈਸਾਖੀ ਤੇ ਅੰਮ੍ਰਿਤ ਸਮਾਗਮ

# ਰਚਣ ਦਾ ਚੋਜ



**ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

ਇਸੇ ਚੋਜ ਦੇ ਰਚਣ ਖ਼ਾਤਰ ਹੀ ਸਤਿਗੁਰੂ ਦਸਮੇਸ਼ ਜੀ ਨੇ, ਨੈਣਾਂ ਦੇਵੀ ਦਾ ਦੰਭ-ਨਿਵਾਰਨੀ-ਪਖੰਡ ਹਿੰਦਵੈਣੀ ਅਚਾਰਜਾਂ ਦਾ ਨਵਿਰਤ ਕਰਨ ਖ਼ਾਤਰ ਹੀ, ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪ੍ਰਸਿੱਧ ਟਿੱਲੇ ਉਤੇ ਰਚਣ ਕੀਤਾ, ਦੇਵੀ ਪ੍ਰਸਿੱਧ ਕਰਨ ਖ਼ਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਅਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪ੍ਰਸਿੱਧ ਕਰਾਂਗੇ, ਬਹੁਤ ਸਾਰੀ ਸਾਮਿਗ੍ਰੀ ਉਨ੍ਹਾਂ ਨੇ ਇਕੱਤਰ ਕਰਵਾਈ। ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿੱਠ ਦੇ ਕੇ ਭੱਜ ਨਸੇ। ਉਨ੍ਹਾਂ ਦੇ ਭਜ ਨੱਸਣ ਪਸਚਾਤ ਰਹਿੰਦ-ਖੂੰਹਦ ਸਾਰੀ ਸਾਮਿਗ੍ਰੀ, ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕੱਤਰ ਕਰਵਾਈ ਸੀ, ਸਾਰੀ ਦੀ ਸਾਰੀ ਇਕ-ਦਮ ਹੀ ਪ੍ਰਚੰਡਕਾ ਦੇ ਭੇਟ ਕਰ ਦਿੱਤੀ, ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪ੍ਰਗਟ ਹੋਈ ਸਮਝਣ ਲੱਗ ਪਏ। ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਉਸ ਟਿੱਬੇ ਉਤੋਂ ਉਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦੱਸਿਆ ਕਿ ਖ਼ਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ, ਅਥਵਾ ਭਗਉਤੀ ਹੈ, ਹੋਰ ਕੋਈ ਦੇਵੀ ਨਹੀਂ।

ਓਦੂੰ ਪਿਛੋਂ ਸ੍ਰੀ ਦਸਮੇਸ਼ ਜੀ ਨੇ ਦੂਜਾ ਚੋਜ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੋਂ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ। ਇਹ ਇਤਿਹਾਸਕਾਰਾਂ ਦੀ ਬਿਲਕੁਲ ਗ਼ਲਤ ਸਟੋਰੀ (ਕਹਾਣੀ) ਪਾਈ ਹੋਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬੱਧੇ ਗਏ :-

**ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥**

**(ਬਚਿਤ੍ਰ ਨਾਟਕ, ਅਧਿਆਏ ੫)**

ਦੇ ਮਹਾਂਵਾਕ ਅਨੁਸਾਰ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕੀਂ ਇਸ ਕੌਤਕ ਨੂੰ ਦੇਖ ਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾ ਕੇ, ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ ਅਤੇ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ" ਦੀ ਰੀਤ ਚਲਾਈ। ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿੱਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰੱਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅੱਜ-ਕੱਲ੍ਹ ਦੇ ਥੋੜ-ਦਿਲੇ ਵਰਨ-ਆਸ਼ਰਮੀ ਹਮਾਕਤ-ਬਾਜ਼ ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਗੇਣਵੇਂ ਵਰਨ-ਆਸ਼ਰਮ ਹੀ ਪੰਜ ਪ੍ਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਨ-ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿਚ ਲਿਆ ਹੀ ਨਹੀਂ ਜਾ ਸਕਦਾ।

ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸ਼ੂਦਰ ਜਾਤੀ ਵਿਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅੱਜ-ਕੱਲ੍ਹ ਓਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਝ ਲੋਗ ਕੁਸਮਝੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼

ਵਰਨ ਆਸ਼ਰਮ ਸਾਰੇ ਮਿਟਾ ਕੇ, ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ ਅਤੇ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ" ਦੀ ਰੀਤ ਚਲਾਈ। ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿੱਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰੱਖੇ ਗਏ।

ਸੋ ਕਹੀਅਤ ਹੈ ਸੂਰਾ

ਆਨ ਵਰਨ-ਆਸ਼ਰਮਾਂ ਵਿਚੋਂ ਸ੍ਰੀ ਦਸਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤੱਕ ਕਿ ਮੁਹੰਮਦੀਆਂ ਚੌਥੇ ਪੌੜੇ ਵਾਲੇ (ਅਖਾਉਤੀ ਰੰਘਰੇਟੇ) ਨੂੰ ਵੀ ਖੰਡੇ ਦੇ ਅੰਮ੍ਰਿਤ ਦਾ ਬਾਟਾ ਪ੍ਰਦਾਨ ਕਰਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆ।

ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ। ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਓਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹਾਸੋ-ਹੀਣੀ ਗੱਲ ਹੈ ਕਿ ਐਡਾ ਵੱਡਾ ਤੰਬੂ ਪੰਜਾਂ ਬੱਕਰਿਆਂ ਦੀ ਖ਼ਾਤਰ ਹੀ ਤਿਆਰ ਕੀਤਾ ਸੀ? ਉਸੇ ਤੰਬੂ ਦੇ ਅਸਥਾਨ 'ਤੇ ਹੀ ਸੀਸ ਭੇਟ ਗੁਰਦੁਆਰਾ ਤਿਆਰ ਹੋਇਆ ਅਤੇ ਉਸੇ ਅਸਥਾਨ 'ਤੇ ਹੀ ਸ੍ਰੀ ਕੇਸਗੜ੍ਹ ਗੁਰਦਵਾਰਾ ਸਸ਼ੋਭਤ ਹੈ ਅਤੇ ਅੱਜ ਤਾਈਂ ਪ੍ਰਸਿੱਧ ਹੈ। ਖ਼ਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਅ-ਦਾਨ ਬਖ਼ਸ਼ਣ ਲਈ ਸਮਰੱਥ ਹੈ। ਹੋਰ ਕੋਈ ਦੇਵੀ ਖ਼ਾਲਸਾ ਪੰਥ ਅੰਦਰ ਗੁਰਮਤਿ ਅਨੁਸਾਰ ਪ੍ਰਮਾਣੀਕ ਹੀ ਨਹੀਂ। ਏਸੇ ਸ੍ਰੀ ਸਾਹਿਬ (ਭਗਉਤੀ) ਨੂੰ ਲੈ ਕੇ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ :-

**ਦੂਹੂੰ ਪੰਥ ਮੈ ਕਪਟ ਵਿਦਜਾ ਚਲਾਨੀ ॥**
**ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ ॥**
**(ਦਸਮ ਗ੍ਰੰਥ, ਉਗ੍ਰਦੰਤੀ, ਛੱਕਾ ੫)**

'ਦੂਹੂੰ ਪੰਥ' ਦਾ ਭਾਵ ਇਥੇ ਹਿੰਦੂ ਮਤ ਅਤੇ ਤੁਰਕ ਮਤ (ਬੇਦ ਕਤੇਬੀ ਮਤ) ਦਾ ਹੈ, 'ਤੀਸਰੋ ਪੰਥ' ਖ਼ਾਲਸੇ ਦਾ ਮਤਲਬ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :-

**ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥...੪ ॥੩ ॥੭ ॥**
**(ਬਿਲਾਵਲ ਗੋਂਡ, ਨਾਮਦੇਉ ਜੀਉ, ਅੰਗ : ੮੭੫)**

ਇਥੇ ਗਿਆਨੀ ਦਾ ਭਾਵ ਖ਼ਾਲਸਾ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇਕ-ਸਾਰ ਹੀ ਹੱਕ ਰਖਿਆ ਗਿਆ ਹੈ। ਤਾਂਤੇ ਇਹ ਗੱਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਉਣ ਵਾਲੀ ਗੱਲ ਹੈ ਕਿ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਖ਼ਾਤਰ ਹੀ ਰਚਿਆ ਗਿਆ ਹੈ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖ਼ੂਬ ਨਿਆਰਾ ਰੱਖਣ ਦੀ

ਤਾਂਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗੱਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਤਿਆਰ ਕੀਤਾ ਜਾਵੇ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼੍ਰੇਣੀ ਦੀ ਮਜਲਸ ਵਿਖੇ ਹੀ ਇਹ ਬਾਟਾ ਤਿਆਰ ਕੀਤਾ ਜਾਵੇ। ਤਾਂਤੇ ਇਹ ਅੰਮ੍ਰਿਤ ਦਾ ਬਾਟਾ ਪਰੰਪਰਾ ਤੋਂ ਹੀ, ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ।

ਸਾਜਨਾ ਵਿਚ ਸਾਜਿਆ। ਪਹਿਲੀਆਂ ਸਮੱਗਰ ਗੁਰੂ ਪਾਤਸ਼ਾਹੀਆਂ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ। ਹਾਂ! ਇਸ ਵਿਸਾਖੇ ਦਾ ਪਵਿੱਤਰ ਦਿਹਾੜਾ, ਸਰਬੱਤ੍ਰ ਮੱਤ-ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ, ਖ਼ਾਸ ਮਖ਼ਸੂਸ ਤੌਰ 'ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪ੍ਰਗਟ-ਪਹਾਰਾ ਦਿੱਤਾ ਤਾਂ ਸ੍ਰੀ ਦਸਮੇਸ਼ ਜੀ ਨੇ ਹੀ ਦਿੱਤਾ।

ਤਾਂਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗੱਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਤਿਆਰ ਕੀਤਾ ਜਾਵੇ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼੍ਰੇਣੀ ਦੀ ਮਜਲਸ ਵਿਖੇ ਹੀ ਇਹ ਬਾਟਾ ਤਿਆਰ ਕੀਤਾ ਜਾਵੇ। ਤਾਂਤੇ ਇਹ ਅੰਮ੍ਰਿਤ ਦਾ ਬਾਟਾ ਪਰੰਪਰਾ ਤੋਂ ਹੀ, ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ। ਅਨਮਤਿ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੋਪ ਰੱਖਣ ਲਈ ਹੀ ਅੰਮ੍ਰਿਤ ਮਰਯਾਦਾ ਗੋਝ ਰਤਨਾਗਰੀ ਰੱਖੀ ਗਈ ਹੈ।

"ਬਧੇ ਪੰਥ ਪਰ ਧਰਮ ਨ ਹੋਇ" ਵਾਲੀ ਗੱਲ ਹੀ ਨਹੀਂ ਕੀਤੀ ਗਈ; ਨਾ ਹੀ ਇਹ ਹਰੀ ਅੰਗੂਰੀ ਕੇਵਲ ਹਿੰਦਵੈਣ ਨਮਿਤ ਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ। ਇਹ ਖ਼ਿਆਲ ਕੇਵਲ ਢਿੱਲੜ ਹਿੰਦਵੈਣ ਮਤੀ ਕੁਬੁਧਿ ਮਤੀਸਰਾਂ ਦਾ ਹੀ ਹੈ। ਖ਼ਾਲਸਾ ਪੰਥ ਵਿਚ ਇੱਤਰ ਜ਼ਾਤ-ਪਾਤ ਸਮੱਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ।

ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਤ ਕੀਤੀ ਗੁਰ ਮਰਯਾਦਾ ਹੀ ਲੇਖੇ ਪੈਂਦੀ ਹੈ। ਇਹ ਗੱਲ ਬਿਲਕੁਲ ਬੇਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰੀਆਂ ਸਿੱਧਾਂ ਨੂੰ ਪੂਰਿਆਂ ਸਿੱਧ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਹੱਥਾਂ ਦਾ ਖੰਡਾ ਅਪਵਿੱਤਰ ਹੱਥਾਂ ਵਿਚ ਆ ਕੇ ਹੋਰ ਵੀ ਹੀਣਤਾ ਵਾਲੀ ਗੱਲ ਹੋ ਜਾਂਦੀ ਹੈ, ਜੈਸਾ ਕਿ ਅਨੇਕਾਂ ਅਸਥਾਨਾਂ 'ਤੇ ਹੋਈ ਹੈ। ਬੇਸ਼ੱਕ ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤੱਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਰਹਿਤ-ਬਹਿਤ ਧਾਰਨ ਨਾ ਕਰਵਾਈ ਜਾਵੇ, ਉਸ ਵੱਕਤ ਤੱਕ ਲੱਖਾਂ ਦੀਆਂ ਲੱਖਾਂ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ।

ਤਾਂਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ-ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਇਸ ਗੱਲ ਦੀ ਪ੍ਰਸਿੱਧ ਦਲੀਲ ਸਾਬਤ ਹੋ ਗਈ ਕਿ ਖ਼ਾਲਸਾ ਸੋ ਹੈ ਜੋ ਸਰਬੱਤ੍ਰ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ। ▪▪



# ਸ੍ਰੀ ਅਕਾਲ ਪੁਰਖ ਕਾ ਖ਼ਾਲਸਾ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਗੁਰੂ ਦਸਮ ਪਾਤਸ਼ਾਹ ਨੇ ਵੈਸਾਖੀ ਵਾਲੇ ਦਿਨ ਖ਼ਾਲਸਾ ਪ੍ਰਗਟ ਕੀਤਾ। ਜਿਸ ਦੇ ਪ੍ਰਗਟ ਕਰਨ ਦਾ ਹੁਕਮ ਅਕਾਲ ਪੁਰਖ ਵਲੋਂ ਹੋਇਆ। ਇਹ ਖ਼ਾਲਸਾ ਅਕਾਲ ਪੁਰਖ ਦੀ ਮਉਜ ਤੋਂ ਪ੍ਰਗਟ ਹੋਇਆ ਅਤੇ ਅਕਾਲ ਪੁਰਖ ਦੀ ਅਕਾਲੀ ਫ਼ੌਜ ਕਹਾਇਆ। ਤਦੇ ਗੁਰੂ ਦਸਮ ਪਾਤਸ਼ਾਹ ਦਾ ਵਾਕ ਹੈ :

**ਖਾਲਸਾ ਅਕਾਲ ਪੁਰਖ ਕੀ ਫੌਜ ॥**
**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥**

ਐਸੇ ਅਕਾਲ ਪੁਰਖ ਦੇ ਖ਼ਾਲਸੇ ਦਾ ਲੱਛਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਉਂ ਕੀਤਾ ਹੈ :

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥**
**(ਰਾਗੁ ਸੋਰਠਿ, ਬਾਣੀ ਭਗਤ ਕਬੀਰ ਜੀ ਕੀ, ਅੰਗ : ੬੫੪-੫੫)**

ਇਸ ਭਾਵ ਨੂੰ ਗੁਰੂ ਦਸਮ ਪਾਤਸ਼ਾਹ ਜੀ ਨੇ ੩੩ ਸਵੱਈਆਂ ਵਿਚ ਇਉਂ ਦੱਸਿਆ ਹੈ :

**ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥**

'ਪ੍ਰੇਮ ਭਗਤਿ ਜਿਹ ਜਾਨੀ' ਵਾਲੀ ਬਿਵਸਥਾ ਵਾਲਾ 'ਪੂਰਨ ਜੋਤਿ ਜਗੈ ਘਟ ਮੈ' ਦੇ ਜਗਮਗੀ ਰੰਗਾਂ ਵਾਲਾ ਹੀ ਖ਼ਾਲਸਾ ਹੈ। ਅੰਮ੍ਰਿਤ ਛਕਣ ਸਮੇਂ ਦੇ ਦ੍ਰਿੜਾਏ ਹੁਕਮਾਂ ਸਬੰਧੀ ਰਹਿਤ-ਰਹਿਣੀਆਂ ਦੇ ਕਮਾਵਣਹਾਰਾ ਹੀ ਖ਼ਾਲਸਾ ਹੈ। ਇਸ ਬਿਬੇਕ-ਕਮਾਈ ਨੂੰ ਪ੍ਰੇਮ ਨੇਮ ਸੰਯੁਕਤ ਨਿਬਾਹ ਕੇ ਨਾਮ ਰੂਪੀ ਸਾਰ-ਬਿਬੇਕ ਕਮਾਈ ਨੂੰ ਪ੍ਰੇਮ-ਭਗਤੀ ਦੇ ਰੰਗਾਂ ਵਿਚ ਸਿਰੇ ਚੜ੍ਹਾਉਣ ਵਾਲਾ ਹੀ ਖ਼ਾਲਸਾ ਹੈ ਅਤੇ ਪੂਰਨ ਗਿਆਨ-ਕਲਾ ਵਿਚ ਖੇਡਣਹਾਰੇ ਖ਼ਾਲਸਾ ਜਨ ਹੀ ਖ਼ਾਲਸਾ ਬਿਬੇਕ ਕਮਾਈ ਦੇ ਧਨੀ ਹਨ। ਪੂਰਨ ਗਿਆਨ ਅਵਸਥਾ ਵਿਚ ਵੀ ਨਾਮ ਬਿਬੇਕ ਦੀ ਸਹਿਜ ਕਮਾਈ ਬਣੀ ਰਹਿੰਦੀ ਹੈ। ਯਥਾ ਗੁਰਵਾਕ :

**ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ... ॥੧੦॥੬॥੨੩॥**
**(ਸਿਰੀਰਾਗੁ ਮ.੩, ਅੰਗ : ੬੮)**

ਤਥਾ :

**ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥**
**ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥**
**(ਬਿਲਾਵਲੁ ਮ. ੫, ਅੰਗ : ੮੦੬)**

ਨਾਮ-ਬਿਬੇਕ ਕਮਾਈ ਦਾ ਬਿਨਾਸ ਕਿਸੇ ਹਾਲਤ ਅੰਦਰ ਵੀ ਨਹੀਂ ਹੁੰਦਾ। ਇਸ ਰਹਿਤ-ਰਹਿਣੀ ਸੰਯੁਕਤ ਨਾਮ ਸਾਰ ਬਿਬੇਕ ਕਰਨੀ ਕਮਲ ਜਮਾਲ ਕਾ ਕਮਾਲ ਕੇਵਲ ਗੁਰੂ ਘਰ ਵਿਚ ਹੀ ਹੈ। ਬ੍ਰਹਮਾ ਦਾ ਅਵਤਾਰ ਭਿੱਖਾ ਭੱਟ ਜਦੋਂ ਸੱਚੇ ਗੁਰੂ ਸੰਤ ਦੀ ਟੋਲ ਵਿਚ ਫ਼ਿਰਦਾ ਹੋਇਆ ਗੁਰੂ ਕੀ ਸ਼ਰਨ ਆਇਆ ਤਦ ਉਸ ਨੂੰ ਪ੍ਰਤੀਤ ਆਈ। ਜੈਸਾ ਕਿ ਉਸ ਦੀ ਆਪਣੀ ਗੁਰੂ ਗਿਆਨ ਅਨੁਭਵੀ ਬਾਣੀ ਸਾਖਾ ਭਰਦੀ ਹੈ। ਯਥਾ :

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**

ਧੰਨ ਗੁਰੂ ਸਾਹਿਬ ! ਆਪਣੇ ਆਗਿਆਕਾਰੀ ਰਹਿਤਵਾਨ ਸਿੱਖਾਂ ਨੂੰ ਕਿੱਡੀ ਵਡਿਆਈ ਦਿੰਦੇ ਹਨ। ਏਵਡ ਵਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ, ਤੇ ਇਸ ਰਹਿਤ ਨਾਲ ਸ਼ੰਗਾਰੇ ਸਿੱਖ ਨੂੰ ਹੈ। ਸੋ ਗੁਰੂ ਹੁਕਮਾਈ ਰਹਿਤ ਪਰ ਚਲਣਾ ਹਰੇਕ ਸਿੰਘ, ਸੁਚਿਆਰ ਸਿੰਘ ਦਾ ਧਰਮ, ਭਾਵ ਫ਼ਰਜ਼ ਹੈ। ਚਾਹੇ ਕਿਤਨੀ ਭੀ ਕਠਨਾਈ ਪੇਸ਼ ਆਵੇ। ਗੁਰੂ-ਹੁਕਮਾਂ ਪਰ ਚਲਣਾ ਤੇ ਗੁਰ-ਬਚਨਾਂ ਨੂੰ ਕਮਾਵਣਾ ਸੱਚਾ ਗੁਰਮਤਿ-ਬਿਬੇਕ ਹੈ।

**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**
**ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥**
**ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥**
**(ਸਵਈਏ ਮਹਲੇ ਤੀਜੇ ਕੇ, ਅੰਗ : ੧੩੯੫-੯੬)**

ਏਸੇ ਗੁਰਮਤਿ ਬਿਬੇਕ ਦੇ ਆਦਰਸ਼ ਨੂੰ ਮੁੱਖ ਰੱਖਦੇ ਹੋਏ "ਗੁਰਸਿਖ ਮੀਤ ਚਲਹੁ ਗੁਰ ਚਾਲੀ" (ਧਨਾਸਰੀ ਮ. ੪, ॥੪॥੪॥, ਅੰਗ : ੬੬੭) ਵਾਲੀ ਧਾਰਨਾ ਦੇ ਰਹਿਤਵਾਨ ਬਿਬੇਕੀ ਖ਼ਾਲਸਾ ਸ੍ਰੀ ਗੁਰ ਦਰਸਾਈ ਤੇ ਦ੍ਰਿੜਾਈ ਰਹਿਤ ਨੂੰ ਤਨੋਂ-ਮਨੋਂ ਕਮਾਉਂਦੇ ਹਨ। ਐਸੇ ਗੁਰਸਿੱਖਾਂ ਪ੍ਰਥਾਇ ਹੀ ਗੁਰੂ ਦਸਮ ਪਾਤਸ਼ਾਹ ਦਾ ਇਹ ਫ਼ੁਰਮਾਨ ਹੈ : -

**ਰਹਿਣੀ ਰਹੇ ਸੋਈ ਸਿਖ ਮੇਰਾ ॥**
**ਉਹ ਸਾਹਿਬ ਮੈ ਉਸ ਕਾ ਚੇਰਾ ॥**

ਧੰਨ ਗੁਰੂ ਸਾਹਿਬ! ਆਪਣੇ ਆਗਿਆਕਾਰੀ ਰਹਿਤਵਾਨ ਸਿੱਖਾਂ ਨੂੰ ਕਿੱਡੀ ਵਡਿਆਈ ਦਿੰਦੇ ਹਨ। ਏਵਡ ਵਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ, ਤੇ ਇਸ ਰਹਿਤ ਨਾਲ ਸ਼ੰਗਾਰੇ ਸਿੱਖ ਨੂੰ ਹੈ। ਸੋ ਗੁਰੂ ਹੁਕਮਾਈ ਰਹਿਤ ਪਰ ਚਲਣਾ ਹਰੇਕ ਸਿੰਘ, ਸੁਚਿਆਰ ਸਿੰਘ ਦਾ ਧਰਮ, ਭਾਵ ਫ਼ਰਜ਼ ਹੈ। ਚਾਹੇ ਕਿਤਨੀ ਭੀ ਕਠਨਾਈ ਪੇਸ਼ ਆਵੇ। ਗੁਰੂ-ਹੁਕਮਾਂ ਪਰ ਚਲਣਾ ਤੇ ਗੁਰ-ਬਚਨਾਂ ਨੂੰ ਕਮਾਵਣਾ ਸੱਚਾ ਗੁਰਮਤਿ-ਬਿਬੇਕ ਹੈ। ਰਹਿਤ-ਰਹਿਣੀਓਂ ਊਰਾ ਗਿਆਨ-ਬਿਬੇਕ ਗੁਰਮਤਿ ਅੰਦਰ ਪਰਵਾਨ ਨਹੀਂ। ਨਿਰਾ ਕਥਨੀ ਦੁਆਰਾ ਗਿਆਨ, ਤੇ ਰਹਿਤ ਨਾ ਰਖਣਾ ਇਹ ਮਨਮੁਖਤਾਈ ਦੇ ਲੱਛਣ ਕੁਲੱਛਣ ਹਨ।

**ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥**
**ਸਾਚੀ ਰਹਤ ਸਾਚਾ ਮਨਿ ਸੋਈ ॥**
**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ... ॥੩॥(੮॥੧)**
**(ਬਿਲਾਵਲੁ ਅਸਟਪਦੀਆ, ਮ. ੧, ਅੰਗ : ੮੩੧)**

ਰਹਿਤ-ਰਹਿਣੀ ਦੇ ਕਿਸੇ ਅੰਗ ਨੂੰ ਭੰਗ ਕਰਨਾ ਸਿੱਖੀ ਸਿਦਕ ਦੇ ਰੰਗ ਨੂੰ ਭੰਗ ਕਰਨਾ ਹੈ। ▪▪



# ਆਪੇ ਗੁਰ ਚੇਲਾ

ਪ੍ਰੋ. ਪੂਰਨ ਸਿੰਘ ਜੀ

ਖ਼ਾਲਸਾ ਆਦਰਸ਼ ਹੈ ਤਾਂ ਕਲਗ਼ੀਆਂ ਵਾਲੇ ਦਾ ਸਦਾ ਆਵੇਸ਼ ਹੈ। ਖ਼ੁਦਗ਼ਰਜ਼ੀ ਥੀਂ ਅਤੀਤ, ਰਬ-ਮਰਜ਼ੀ ਵਿਚ ਨਿਠ ਆਸਨ ਜਮਾ ਬੈਠਣ ਵਾਲਾ ਬੀਰ ਹੈ। ਕਲਾਧਾਰੀ, ਮਰਨ ਜੀਣ ਥੀਂ ਬੇਪਰਵਾਹ, ਅਧਮੀਟੇ, ਨਸ਼ੀਲੇ ਨੈਣਾਂ ਵਾਲਾ, ਰੱਬੀ ਖ਼ਸਮ ਦਾ ਪਿਆਲਾ ਪੀ, ਆਤਮ ਰਸ ਵਿਚ ਉਚਾ, ਲਾਲ ਰੰਗਿਆ ਮਤਵਾਲਾ, ਬੇ-ਡਰ ਗੁਰੂ ਪੁੱਤ, ਗੁਰੂ ਅੰਗਜ, ਇਹ ਰੱਬੀ ਜੋਤ ਦੀ ਇਲਾਹੀ ਸ਼ਾਨ ਦਾ ਉਚੇ ਗਗਨਾਂ ਵਿਚ ਲਹਿਰਾਉਂਦਾ ਗੁਰੂ ਪਾਤਿਸ਼ਾਹ ਦਾ ਨਿਸ਼ਾਨ, ਮੰਦਿਰ, ਤੀਰਥ, ਦਰਸ਼ਨ, ਹਜ਼ੂਰੀ ਹੈ। ਸੋਹਣਾ ਹੈ; ਜਿਸ ਦੀ ਚਮਕ ਚਕਾਚੌਂਧ ਕਰ ਦੇਣ ਵਾਲੀ ਤੇਜ਼, ਤੇਗ਼ ਧਾਰਾ ਨੀਲੀ ਰਸ਼ਮੀਆਂ ਦਾ ਸਮੂਹ ਹੈ। ਜੀਵਨ ਦੀ ਬੇਅੰਤ ਚਾਲ ਇਸ ਸੁਹੱਪਣ ਪ੍ਰਕਾਸ਼ ਦੀ ਦਿਲ-ਧੜਕ ਹੈ। ਜੇ ਅੱਖ ਖੋਲ੍ਹ ਕੇ ਤੱਕੇ, ਤਦ ਸਭ ਜੀਆਂ ਜੰਤਾਂ ਨੂੰ ਆਪਣੇ ਅੰਦਰ ਸਮਾ ਲੈਂਦਾ ਹੈ। ਸਭ ਕੋਈ ਸਤਿਗੁਰਾਂ ਦੀ ਜ਼ਾਹਰੀ, ਪਿਆਰ ਤੇ ਕੁਰਬਾਨੀ ਦੀ ਕਰਾਮਾਤ ਥੀਂ ਬਾਹਰ ਹੋ, ਆਪੇ ਨਿੱਕੇ ਆਪੇ ਪਾਰ ਜਾਂ ਮਹਾਤਮਤਾ, ਗੁਰੂ ਘਰ ਦੀ ਅਪਣੱਤ ਨੂੰ ਪਹੁੰਚਦੇ ਹਨ।

ਖ਼ਾਲਸਾ ਆਦਰਸ਼ ਦਾ ਜੁੱਸਾ, ਇਹ ਤੱਤਾਂ ਦਾ ਬਣਿਆ ਜਿਸਮ, ਮਾਟੀ, ਮਾਇਆਵੀ ਜਿਸਮ, ਇਹਦਾ ਸਰੀਰ ਕਲਗ਼ੀਆਂ ਵਾਲੇ ਦੇ ਕਰਾਮਾਤੀ ਕੌਤਕ ਤੇ ਰੰਗ, ਤੇ ਉਨ੍ਹਾਂ ਦੀਆਂ ਆਪਣੀ ਰੰਬੀ ਸੂਰਤ ਦੇ ਅਕਸਾਂ, ਉਨ੍ਹਾਂ ਦੀ ਚਰਨ-ਛੂਹ ਨਾਲ ਪ੍ਰਾਪਤ ਕੀਤੀ ਆਜ਼ਾਦੀ ਦੇ ਨਾਮ ਦਾ; ਜਪੁ ਸਾਹਿਬ ਦੇ ਆਦਿ ਮੰਤਰ ਦੀਆਂ ਧੁਨੀਆਂ, ਗੂੰਜਦੀਆਂ ਧੁਨੀਆਂ, ਜਿਹੜੀਆਂ ਚਰਖੜੀਆਂ, ਆਰਿਆਂ ਤਲਵਾਰਾਂ ਹੇਠਾਂ ਥੀਂ ਉਠ, ਅਰਸ਼ਾਂ ਤੱਕ ਅਰਦਾਸਾਂ, ਪਿਆਰ ਸੁਨੇਹਿਆਂ ਦੇ ਰੂਪ ਵਿਚ ਅਪੜੀਆਂ, ਦਾ ਬਣਿਆ ਹੈ। ਇਥੇ ਤੱਤ ਮੁਰਦਾ, ਤੱਤ-ਖ਼ਾਲਸੇ ਦੇ ਮਾਸ ਦੇ ਤੱਤ ਪਿਆਰ ਮੂਰਤਾਂ ਦੇ ਪ੍ਰਭਾਵਾਂ, ਬਾਣੀ ਦੇ ਗਾਵਣ, ਸੋਹਲਿਆਂ ਦੀ ਸੱਜ ਵਿਆਹੀ ਵਹੁਟੀ ਦੀ ਲਾਲ ਮਹਿੰਦੀ ਜੀਵਨ-ਰੰਗਾਂ ਨਾਲ ਭਰੀਆਂ ਇਸ਼ਕ ਲਾਲੀਆਂ ਜਿਹੜੀਆਂ ਖ਼ਾਲਸਾ ਮਾਸ ਦੇ ਪੁਰਜ਼ੇ ਪੁਰਜ਼ੇ ਵਿਚ ਪ੍ਰੋਤੀਆਂ ਪਈਆਂ ਕੂਕਦੀਆਂ ਹਨ, ਵਿਚ ਬਦਲ ਚੁਕੇ ਹਨ ਤੇ ਸਤਿਗੁਰਾਂ ਦੇ ਚਰਨਾਂ ਦੀ ਚੁੰਬਕ-ਖਿੱਚ ਇਨ੍ਹਾਂ ਨੂੰ ਅਨੇਕ ਤੜਪਾਂ ਵਿਚ ਇਉਂ ਹਰ ਘੜੀ ਬਦਲ ਰਹੀ ਹੈ ਕਿ ਖ਼ਾਲਸੇ ਦਾ ਹੱਡੀ-ਮਾਸ ਬਾਬਾ ਫ਼ਤਹਿ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਤੇ ਬਾਬਾ ਅਜੀਤ ਸਿੰਘ ਜੀ, ਜਿਨ੍ਹਾਂ ਗੁਰਸਿੱਖੀ ਦੀ ਖ਼ਾਤਰ ਜਾਮੇ-ਸ਼ਹਾਦਤ ਪੀਤਾ, ਦੇ ਨਾਮ ਲੈਂਦਿਆਂ ਹੀ ਨਿਰੋਲ ਰੂਹ ਹੋ ਜਾਂਦਾ ਹੈ। ਖ਼ਾਲਸਾ ਇਉਂ ਜਿਸਮ ਨਹੀਂ ਰਿਹਾ,

ਕਲਗ਼ੀਆਂ ਵਾਲੇ ਦੇ ਤੀਰ ਦਾ ਮਾਰਿਆ, ਫ਼ਕੀਰ ਰੂਹ ਹੈ। ਇਹ ਉਹ ਆਦਰਸ਼ ਅਕਸੀਰ ਹੈ, ਜਿਸ ਦੀ ਛੋਹ ਨਾਲ ਦੁਖ, ਦਰਦ ਮੌਤ, ਤਾਪ ਸਭ ਸੋਮ-ਰਸ ਦੇ ਸਰੂਰ ਵਿਚ, ਹਰ ਕੌਮ ਦੇ ਹਰ ਮਨੁੱਖ ਲਈ, ਇਕ ਪਲ ਛਿਣ ਵਿਚ ਬਦਲਦੇ ਹਨ ਤੇ ਬਦਲ ਜਾਣੇ ਹਨ। ਖ਼ਾਲਸਾ ਨਿਸ਼ਾਨ ਵਾਲਾ ਹੈ, ਇਹ ਨਿਸ਼ਾਨ ਹਰ ਮੁਲਕ ਤੇ ਹਰ ਕੌਮ ਦੇ ਦਿਲ ’ਤੇ ਲਹਿਰਾਉਂਦਾ ਹੈ। ਗੱਲ ਸਿੱਧੀ ਹੈ ਕਿ ਹਰ ਇਕ ਮਨੁੱਖ, ਨਰ, ਨਾਰੀ ਤੇ ਬੱਚਾ, ਆਪਣੇ ਆਪੇ ਦੀ ਰੱਬਤਾ, ਛੁਪੀ ਲੁਕੀ ਰੱਬਤਾ, ਮਹਾਤਮਤਾ, ਉਚਾਈ, ਵਡਿਆਈ, ਖ਼ੁਸ਼ੀ, ਸਰੂਰ, ਬੇਪਰਵਾਹੀ, ਰਾਜ ਤੇ ਸੁੱਚੇ ਸੱਚੇ ਆਤਮ-ਰਸ ਦੇ ਤੀਖਣ ਤੇਜ ਭਰ ਮਾਨਣ ਨੂੰ ਲੋਚਦਾ ਹੈ ਤੇ ਜਦ ਕਲਗੀ ਵਾਲੇ ਦੇ ਤੀਰ ਨਾਲ ਆਈ ਮੌਤ ਵਿਚ ਇਨ੍ਹਾਂ ਦੀ ਸਦਾ ਪ੍ਰਾਪਤੀ ਦੀ ਖ਼ਬਰ ਸੋਅ ਬੰਦੇ ਨੂੰ ਲੱਗੀ, ਬਸ ਉਸ ਕਮਾਲ ਘੜੀ ਵਿਚ, ਕੌਮਾਂ ਦੀਆਂ ਕੌਮਾਂ, ਉਸ ਮੁਕੰਮਲ ਪਲ ਛਿਨ ਵਿਚ ਸਮੂਹਾਂ ਦੇ ਸਮੂਹ, ਖ਼ਾਲਸਾ ਆਦਰਸ਼, ਖ਼ਾਲਸਾ ਸਰੀਰ, ਖ਼ਾਲਸਾ ਜੋਤਿ ਵਿਚ ਜੀਅ ਉਠਣਗੇ। ਮੈਨੂੰ ਹਜ਼ਰਤ ਮੁਹੰਮਦ ਸਾਹਿਬ ਦਾ ਉਹ ਖ਼ਿਆਲ ਬੜਾ ਰੂਹਾਨੀ ਚਮਕ ਤੇ ਕਾਵਿ ਕਟਾਖ਼ਸ਼ਾਂ ਦਾ ਭਰਿਆ ਦਿੱਸਦਾ ਹੈ, ਜਿਸ ਵਿਚ ਉਹ ਕਿਆਮਤ ਦੇ ਦਿਨ ਦਾ ਜ਼ਿਕਰ ਕਰਦੇ ਹਨ। ਉਸ ਦਿਨ ਜਦ ਉਹ ਕਹਿੰਦੇ ਹਨ ਕਿ ਇਕ ਕਰੁਣਾ ਦੀ ਗੂੰਜ ਨਾਲ ਕੁੱਲ ਕਬਰਾਂ ਖੁੱਲ੍ਹ ਜਾਣਗੀਆਂ, ਅਰ ਮੁਰਦੇ ਜੀਅ ਉਠਣਗੇ, ਬਸ ਇੰਨੀ ਇਹ ਇਕ ਕਮਾਲ ਦੀ ਕਵਿਤਾ ਹੈ। ਕੀ ਇਕ ਇਕੱਲਾ, ਕੀ ਟੱਬਰ, ਕੀ ਕੌਮ, ਕੀ ਮੁਲਕ, ਨਾ ਇਕ ਮੁਕੰਮਲ, ਨਾ-ਮਹਿਰਮ ਦੁਨੀਆ ਵਿਚ ਘਰ, ਸ਼ਹਿਰ, ਮੁਲਕ, ਬੱਰੇ ਆਜ਼ਮ ਸਭ ਕਬਰਾਂ ਵੱਤ ਹਨ ਅਤੇ ਘਰਾਂ-ਘੁਰਨਿਆਂ ਵਿਚ ਜਾਂ ਸ਼ਹਿਰਾਂ ਮੁਲਕਾਂ ਵਿਚ, ਕੀ ਨਿਊਯਾਰਕ ਤੇ ਕੀ ਪੈਰਿਸ, ਕੀ ਲੰਡਨ, ਨਰ, ਨਾਰੀ, ਬੱਚੇ, ਮੁਰਦਾ ਹੋਏ ਲੇਟੇ ਹਨ। ਹਾਂ, ਜਦ ਉਹ ਕਲਗ਼ੀਆਂ ਵਾਲੇ ਦੀ ਫੂਕੀ ਜਾ ਚੁੱਕੀ ਜੀਆ ਦਾਨ ਦੇਣ ਵਾਲੀ ਕਰੁਣਾ ਦੀ ਆਵਾਜ਼ ਸੁਣਨਗੇ, ਹਾਂ ਜੀ! ਜਦ ਉਨ੍ਹਾਂ ਤੱਕ ਉਹ ਰੌਸ਼ਨੀ ਆਪਣੀ ਚਾਲ ਚੱਲਦੀ ਅੱਪੜੇਗੀ, ਕਬਰਾਂ ਦੇ ਮੂੰਹ ਖੁੱਲ੍ਹ ਜਾਣਗੇ, ਤੇ ਮੁਰਦੇ ਉਠ ਖੜੇ ਹੋਣਗੇ; ਉਹ ਸੁਭਾਗ ਘੜੀ ਅੱਡ ਅੱਡ ਹਰ ਇਕ ਨਰ, ਨਾਰੀ, ਬੱਚੇ ’ਤੇ ਆਵਣੀ ਹੈ। ਕੌਮਾਂ ਦੀਆਂ ਕੌਮਾਂ ਨੇ ਚਮਕਦੀ ਆਤਮਿਕ ਆਜ਼ਾਦੀ, ਆਤਮ-ਸਬਰ ਤੇ ਰੱਬ ਦੇ ਨਾਮ ਤੇ ਰੱਬ ਦੇ ਪਿਆਰ, ਤੇ ਸਤਿਗੁਰਾਂ ਦੇ ਦਰਬਾਰ ਵਿਚ ਜਾਗਣਾ ਹੈ। ਇਸ ਨੁਕਤੇ ਭੀ ਖ਼ਾਲਸਾ ਆਦਰਸ਼ ਹੈ। ਕਲਗ਼ੀਆਂ ਵਾਲੇ ਦੀ ਆਤਮ-ਜੋਤ ਹੈ, ਰੱਬੀ ਕਰੁਣਾ ਹੈ, ਰੱਬੀ ਪਿਆਰ ਹੈ, ਰੱਬੀ ਸੁਹਣਪ ਹੈ, ਮਿੱਠਤ ਹੈ, ਆਜ਼ਾਦੀ ਹੈ, ਮੋਖ਼ਸ਼ ਹੈ ਤੇ ਸਤਿਗੁਰਾਂ ਦਾ ਚਿੰਨ੍ਹ ਸਰੂਪ ਹੈ, ਪਰਤੱਖ ਮੂਰਤੀ ਹੈ, ਇਤਿਹਾਸਕ ਛਬੀ ਹੈ, ਜ਼ਾਹਰੀ ਕਰਾਮਾਤ ਹੈ, ਪ੍ਰਭਾਵ, ਅਸਰ ਹੈ। ਸਰੀਰ ਹੁੰਦਿਆਂ ਵੀ ਇਕ ਸਤਿਗੁਰਾਂ ਦੇ ਨਾਮ ਦਾ ਪਰਛਾਵਾਂ ਹੈ, ਇਕ ਤੀਬਰ ਕਾਮ-ਵੱਤ ਪਿਆਰ ਵਿਚ ਸਤਿਗੁਰਾਂ ਦੇ ਚਰਨ ਦੀ ਛੋਹ ਦੀ ਲਾਲਸਾ ਹੈ। ਅਮਿਟ ਸਦਾ ਤ੍ਰਿਖਾਵੰਤ ਅੰਮ੍ਰਿਤ ਪਿਆਲਾ ਪੀਣ ਵਾਲੀ ਅਮਰ, ਅਨੰਤ ਚਾਲ ਵਾਲੀ ਚਾਹ ਹੈ। ਖ਼ਾਲਸੇ ਦਾ ਵਿਵਹਾਰਿਕ ਜਿਸਮ (Body Politic) ਕੋਈ ਨਹੀਂ, ਇਹ ਕਲਗ਼ੀਆਂ ਵਾਲੇ ਦੇ ਸੁਫ਼ਨੇ ਦਾ ਬਣਿਆ ਹੋਇਆ ਹੈ। ਉਨ੍ਹਾਂ ਦੀ ਚਮਕਦੀ ਪ੍ਰਕਾਸ਼ਮਾਨ ਯੋਗ-ਨਿੰਦਰਾ ਵਿੱਚੋਂ ਪ੍ਰਤੱਖ ਹੋਈ ਰੱਬ ਦੀ ਰੂਹ ਦੀ ਮਾਇਆਵੀ ਮੂਰਤੀ ਹੈ। ਨਵੀਂ ਦੁਨੀਆ ਰੂਹਾਨੀ ਦੁਨੀਆ ਦੇ ਨਾਂ ਆਰਟਿਸਟਿਕ ਚਿੰਨ੍ਹਾਂ ਨਾਲ ਸਜਿਆ ਆਦਰਸ਼ ਹੈ।

(2)

ਉਨ੍ਹਾਂ ਤੜਪਦੀਆਂ ਬਿਜਲੀਆਂ ਨੂੰ ਰੱਬ ਤੇ ਰੱਬ ਦੀ ਮਖ਼ਲੂਕ ਦੇ ਪਿਆਰ, ਸੇਵਾ ਤੇ ਆਲਮਗੀਰ ਸ਼ੁਭ-ਚਿੰਤਾ ਸਰਬ-ਜਗਤੀ ਅਰਦਾਸ ਵਿਚ ਜਮਾਣਾ, ਠਹਿਰਾਣਾ ਤੇ ਇਕ ਗ਼ਰੀਬ ਕਿਰਸਾਨ, ਤਰਖਾਣ, ਲੁਹਾਰ, ਮਜ਼ਦੂਰ, ਕਿਰਤੀ ਦੀ ਅਭੋਲ ਬੇਗੁਨਾਹ ਰੁਲੀ ਰਲੀ ਬੇਗ਼ੌਰੀ ਸੂਰਤ ਤੇ ਸੀਰਤ ਵਿਚ, ਕੇਸ-ਇਕ ਫਟੀ, ਮਿੱਟੀ ਲਿਬੜੀ ਪਹਾੜੀ ਦੇ ਵਲਾਂ ਵਿਚ, ਜਮਨਾ ਦੇ ਨੀਲੇ ਪਾਣੀ ਵਾਂਗ ਬਾਹਰ ਨਿਕਲ ਰਹੇ ਹਨ; ਪੈਰ ਚਿੱਕੜ ਭਰੇ ਨੰਗੇ ਹਨ, ਗੋਡੇ ਨੰਗੇ, ਪਿੰਨੀਆਂ ਨੰਗੀਆਂ, ਇਕ ਕਛਹਿਰਾ ਤੇੜ, ਸਤਿਗੁਰਾਂ ਦਾ ਸਰਬ-ਲੋਹੀ ਕੜਾ ਹੱਥ, ਪਰ ਨੈਣ ਨਸ਼ੀਲੇ, ਲਾਲ ਚਿਹਰਾ, ਪ੍ਰਕਾਸ਼ ਨਾਲ ਬਲਦਾ। ਮੂੰਹ ਵਿਚ ਮਿੱਠੇ ਮਿੱਠੇ ਭੋਲੇ ਭਾਲੇ ਬਚਨ, ਨਰਮ ਨਰਮ ਪਿਆਰ ਗੁੱਧੇ ਸਿੱਜੇ ਹੁਣੇ ਜੰਮੇ, ਸਹਿਜ ਸੁਭਾ, ਸਹਿਜ ਯੋਗ ਦੇ ਬਚਨ ਬਿਲਾਸ, ਬਚਨਾਂ ਵਿਚ ਉਹ ਸੱਜ ਵਿਆਹੀ ਲਾੜੀ ਦੀ ਸਰੂਰ ਭਰੀ ਝੋਕ ਤੇ ਲਸਦਾ ਮੱਥਾ, ਜਿਹੜਾ ਛੁਪੇ ਅਦੇਸ਼ ਦੇਸ਼ਾਂ ਦਾ ਪਤਾ ਦੇਂਦਾ ਹੈ ਤੇ ਸਿਰ ਵਿਚ ਇਕ ਉਚਾਈ, ਇਕ ਝੂਮ "ਗੁਰ ਮਿਲ ਉਚ ਦੁਮਾਲੜੇ" ਦਾ ਕੰਵਲ ਫ਼ੁੱਲ ਦੇ ਵਿਗਾਸ ਵਾਲਾ ਨਾਜ਼, ਨਖ਼ਰਾ, ਸੋਹਣਾ ਰੰਗੀਨ ਅਹੰਕਾਰ, ਰੱਬ ਦੀ ਅਟੱਲ ਮਿੱਤਰਤਾ ਦੇ ਗਿਆਨ ਦਾ ਆਸਰਾ ਤੇ ਲੂੰਆਂ ਹੱਡਾਂ ਵਿਚ, ਹੱਥਾਂ ਵਿਚ, ਪੁਰਜ਼ੇ ਪੁਰਜ਼ੇ ਵਿਚ ਇਕ ਅਜਬ ਗੁਰੂ ਪਿਆਰ ਦੀ, ਇਕ ਦਰਯਾ ਦੀ ਸੋਹਣੀ ਹੁਕਮ ਭਰੀ ਚਾਲ ਵਾਲਾ ਗਾਣ, ਕੰਠ ਵਿਚ ਸਵਾਦ, ਸਿਰ ਵਿਚ ਸਵਾਦ, ਨੈਣਾਂ ਵਿਚ ਸ਼ੁਕਰ, ਕਿਰਤ ਵਿਚ ਰੂਪ ਰੰਗ, ਦਿਲ ਵਿਚ ਪਾਤਿਸ਼ਾਹੀ ਤੇ ਮਨ ਵਿਚ ਤਰੰਗ ਉਛਾਲੇ, "ਨਿਮਖ ਨਿਮਖ ਠਾਕੁਰ ਨਮਸਕਾਰੈ" ਵਾਲੀ ਹਾਲਤ ਵਿਚ ਪਾਰੇ ਦੇ ਪਾਰਿਆਂ ਨੂੰ ਮਾਰ ਦੇਣਾ ; ਤੇ ਆਪ ਅੱਗੇ ਇਕ ਪਾਤਿਸ਼ਾਹੀ ਨੀਲੇ ਘੋੜੇ ’ਤੇ ਚੜ੍ਹ, ਬਾਜ਼ ਹੱਥ ਉਪਰ ਬਿਠਾ, ਤੀਰ ਕਮਾਨ, ਢਾਲ, ਤਲਵਾਰ, ਗਾਤਰੇ ਕਰ, ਕਮਾਲ ਦੀ ਸ਼ਾਨ ਵਿਚ ਨਿਕਲ ਖਲੋਣਾ ਤੇ ਇਹ ਅੰਦਾਜ਼, ਇਹ ਪਿਆਰ ਕਿ ਨਿਮਾਣੇ ਦਿਲ ਦੀਆਂ ਬਸਤੀਆਂ ਨੂੰ ਕਹਿਣਾ ਦੇਖੋ! ਤੇ ਉਨ੍ਹਾਂ ਨੇ ਨਦਰਾਂ ਚੁੱਕ ਕੇ ਦੇਖਣਾ। ਕੀ ? ਉਨ੍ਹਾਂ ਦੇ ਦਿਲ ਦੀ ਪ੍ਰਭਾਤ, ਉਹ ਆਪ ਦੀ ਕਾਠੀ ਦੇ ਹੰਨੇ ਥੀਂ ਸਦਾ ਫੁਟਦੀ ਨੂਰ ਬਸੰਤ ਦੀਆਂ ਰਸ਼ਮੀਆਂ ਆ ਰਹੀਆਂ ਹਨ; ਅਰ ਇਕ ਇਕ ਦਿਲ ਨੂੰ ਇਕ ਇਕ ਕਿਰਨ ਲਗਾ ਕੇ ਜੋਤ ਜਗਾ ਰਹੀ ਹੈ। ਤੇ ਉਨ੍ਹਾਂ ਦਾ

ਖ਼ਾਲਸਾ ਨਿਸ਼ਾਨ ਵਾਲਾ ਹੈ, ਇਹ ਨਿਸ਼ਾਨ ਹਰ ਮੁਲਕ ਤੇ ਹਰ ਕੌਮ ਦੇ ਦਿਲ ’ਤੇ ਲਹਿਰਾਉਂਦਾ ਹੈ। ਗੱਲ ਸਿੱਧੀ ਹੈ ਕਿ ਹਰ ਇਕ ਮਨੁੱਖ, ਨਰ, ਨਾਰੀ ਤੇ ਬੱਚਾ, ਆਪਣੇ ਆਪੇ ਦੀ ਰੱਬਤਾ, ਛੁਪੀ ਲੁਕੀ ਰੱਬਤਾ, ਮਹਾਤਮਤਾ, ਉਚਾਈ, ਵਡਿਆਈ, ਖ਼ੁਸ਼ੀ, ਸਰੂਰ, ਬੇਪਰਵਾਹੀ, ਰਾਜ ਤੇ ਸੁੱਚੇ ਸੱਚੇ ਆਤਮ-ਰਸ ਦੇ ਤੀਖਣ ਤੇਜ ਭਰ ਮਾਨਣ ਨੂੰ ਲੋਚਦਾ ਹੈ ਤੇ ਜਦ ਕਲਗ਼ੀ ਵਾਲੇ ਦੇ ਤੀਰ ਨਾਲ ਆਈ ਮੌਤ ਵਿਚ ਇਨ੍ਹਾਂ ਦੀ ਸਦਾ ਪ੍ਰਾਪਤੀ ਦੀ ਖ਼ਬਰ ਸੋਅ ਬੰਦੇ ਨੂੰ ਲੱਗੀ, ਬਸ ਉਸ ਕਮਾਲ ਘੜੀ ਵਿਚ, ਕੌਮਾਂ ਦੀਆਂ ਕੌਮਾਂ, ਉਸ ਮੁਕੰਮਲ ਪਲ ਛਿਨ ਵਿਚ ਸਮੂਹਾਂ ਦੇ ਸਮੂਹ, ਖ਼ਾਲਸਾ ਆਦਰਸ਼, ਖ਼ਾਲਸਾ ਸਰੀਰ, ਖ਼ਾਲਸਾ ਜੋਤਿ ਵਿਚ ਜੀਅ ਉਠਣਗੇ।

ਸੂਰਜ, ਚੰਦਰਮਾ, ਤਾਰੇ ਸਭ ਨੀਲੇ ਘੋੜੇ 'ਤੇ ਸਵਾਰ ਹੋ ਕੇ ਜੋਤ ਜਗਾ ਰਹੇ ਹਨ ਜਾਂ ਕੇ ਸਿਰ ਗਗਨ, ਮੁਕਟ ਸੂਰਜ ਚੰਨ ਤਾਰੇ ਓਹ ਮੇਰਾ ਰੂਹ ਰੱਬ ਸਬਜ਼ੇ 'ਤੇ ਸਵਾਰ ਸ਼ਾਨ ਅਨੰਤ ਵਿਚ ਖੜਾ ਅੰਤ ਚਾਲੀ ਪਿਆਰ ਪ੍ਰਕਾਸ਼ ਕਰਦਾ ਟੁਹ ਰਿਹਾ ਹੈ। ਚਿੱਟੇ ਬਾਜ਼ ਵਿਚ ਆਜ਼ਾਦੀ ਬੰਨ੍ਹ ਕੇ ਆਪਣੇ ਹਸਤ ਕਮਲ ਉਪਰ ਰੱਖੀ ਹੈ ; ਤੇ ਬਾਜ਼ ਕਾਲ-ਪੰਛੀ ਨੂੰ ਆਪਣੇ ਪੰਜਿਆਂ ਵਿਚ ਅਕਾਲ ਕਰ ਦਿੱਤਾ ਹੈ।

ਇਹ ਚਿੰਨ੍ਹ ਨਵੇਂ ਜੀਵਨ ਦਾ ਨਵੇਂ ਆਰਟ ਦਾ ਨਹੀਂ, ਸਰਬ ਜਹਾਨੀ, ਸਰਬ ਕਾਲੀ, ਨਵਾਂ ਮੋਟਿਫ਼ ਹੈ। ਆਤਮਿਕ ਆਜ਼ਾਦੀ ਦਾ, ਇਹ ਰੱਬ ਦੇ ਰੂਪ ਦਾ ਆਖ਼ਰੀ ਅਵਤਾਰ ਹੈ। ਹਥਿਆਰਾਂ ਵਾਲਾ ਆਦਮੀ, ਬਾਜ਼ਾਂ ਵਾਲਾ ਸਤਿਗੁਰੂ-ਮੌਤ, ਡਰ, ਵਹਿਮ ਹਨੇਰੇ ਦੇ ਬਣੇ ਭੂਤਾਂ ਦਾ ਸ਼ਿਕਾਰੀ, ਤੀਰ ਕਮਾਨ ਵਾਲਾ ਸੁਹਣਾ, ਦਿਲਾਂ ਨੂੰ ਕੱਢ ਲੈ ਜਾਣ ਵਾਲਾ ਪਾਤਿਸ਼ਾਹਾਂ ਦਾ ਪਾਤਿਸ਼ਾਹ। ਪਰ ਉਸ ਤੀਬਰ ਪਿਆਰ ਵਾਲਾ ਬੈਨ ਬਜਦਾ, ਜਿਸ ਦੀ ਆਵਾਜ਼ ਖਿੱਚ :

**ਸੁਣ ਕੈ ਸਦ ਮਾਹੀ ਦਾ ਮੇਹੀ ਪਾਣੀ ਘਾਹੁ ਮਤੋ ਨੇ ॥**
**ਕਿਸੇ ਨਾਲ ਨ ਰਲੀਆ ਕਾਈ ਕੋਈ ਜੁ ਸ਼ੋਕ ਪਯੋ ਨੇ ॥**
**ਗਇਆ ਫਿਰਾਕੁ ਮਿਲਿਆ ਮਿਤ ਮਾਹੀ ਤਾਹੀ ਸ਼ੁਕਰ ਕੀਤੋ ਨੇ ॥ (ਦਸਮ ਗ੍ਰੰਥ)**

ਇਕ ਛਿਨ ਵਿਚ ਤੇਗ਼-ਚਮਕਾਂ ਵਰਸਾਉਣ ਵਾਲਾ, ਦੂਜੀ ਪਲ ਵਿਚ ਅਰਸ਼ੀ ਰੰਗਾਰੀਆਂ ਨਾਲ ਨਵੇਂ ਗਗਨ ਦਿਲਾਂ ਵਿਚ ਲਟਕਾਉਣ ਵਾਲਾ ਤੇ ਸੰਘ ਪਠਾਣ ਵਾਲਾ, ਆਨਨ ਫਾਨਨ, ਅੰਮ੍ਰਿਤ ਬੂੰਦਾਂ ਦਾ ਮੀਂਹ ਪਾਉਣ ਵਾਲਾ, ਖ਼ੁਸ਼ਕ ਧਰਤੀਆਂ ਨੂੰ ਸਦਾ ਸਾਵਾਂ ਕਰਨ ਵਾਲਾ, ਇਹ ਕਲਗੀਆਂ ਵਾਲਾ ਸਾਹਿਬ ਬੇ-ਨਿਵਾਜ਼ ਮਨੁੱਖਤਾ ਤੇ ਰੱਬਤਾ ਨੂੰ ਇਕ ਕਰਨ ਵਾਲਾ, ਜਿਸਮਾਂ ਨੂੰ ਆਪਣੇ ਸੁਫ਼ਨੇ ਦੀ ਛੋਹ ਨਾਲ ਰੂਹ ਬਣਾਉਣ ਵਾਲਾ :

**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥**

ਇਹ ਨਿਰਭੈ, ਇਕ ਆਪਣੇ ਸਬਜ਼ੇ ਦੀ ਟਾਪ ਦੀ ਆਵਾਜ਼ ਨਾਲ ਕੁਲ ਮਨੁੱਖ ਜਾਤੀ ਨੂੰ ਇਕ ਟੱਬਰ ਬਣਾਉਣ ਵਾਲਾ ਮਨੁੱਖੀ-ਮਨ ਨੂੰ ਨਵੀਂ ਚਿੱਟ ਕਬਾ ਸਜਾ ਕੇ ਇਕ ਅਜੀਬ ਆਉਣ ਵਾਲੀ ਸੱਭਿਅਤਾ ਨੂੰ ਨਵੇਂ ਅਰਥ, ਨਵੀਂ ਸੂਰਤ, ਨਵੀਂ ਆਜ਼ਾਦੀ, ਨਵੇਂ ਖ਼ਿਆਲ, ਨਵੀਂ ਗੀਤ, ਨਵਾਂ ਵਿਕਾਸ, ਨਵੀਂ ਧਰਤੀ, ਨਵਾਂ ਆਕਾਸ਼, ਨਵਾਂ ਪ੍ਰਕਾਸ਼, ਨਵਾਂ ਜੀਵਨ, ਸਦਾ ਜਾਂਦਾ, ਸਦਾ ਆਪਣੇ ਸਬਜ਼ੇ 'ਤੇ ਸਵਾਰ ਓਹ ਕਲਗੀਆਂ ਵਾਲਾ :

**ਓਹ ਓਹ ਓਹ ਆਏ ਜੇ !**
**ਓਹ ਗਏ ਜੇ, ਓਹ ਖੜੇ ਜੇ !**
**ਓਹ ਗੁਰੂ ਗੁਪਤ ਜੇ, ਓਹ ਪ੍ਰਗਟ ਜੇ !**
**ਓਹ ਦੇਖੋ ਓਹ ਖੜੇ ਜੇ !!**

ਉਨ੍ਹਾਂ ਦੇ ਸਬਜ਼ੇ ਘੋੜੇ ਦੀ ਅਯਾਲ ਨਾਲ ਲੱਖਾਂ ਮੋਤੀਆਂ ਨੂੰ ਦੁਨੀਆ ਦੀਆਂ ਕੰਵਾਰੀਆਂ ਕੰਨਿਆਵਾਂ ਆਪਣੀਆਂ ਪਿਆਰ ਵਿਚ ਕੰਬਦੀਆਂ ਉਂਗਲੀਆਂ ਨਾਲ ਹੁਣੇ ਪਰੋ ਰਹੀਆਂ ਹਨ। ਓਹ ਦੇਖੋ ਉਹ ਸਾਹਮਣੇ ਆਪ ਨੂੰ ਸਿੱਖਾਂ ਦੀਆਂ ਬੱਚੀਆਂ ਨੇ ਘੇਰ ਲਿਆ। ਆਪ ਨੂੰ ਹਰ ਇਕ ਦਰਵਾਜ਼ੇ ਅੱਗੇ, ਹਰ ਇਕ ਮਾਤ ਲੋਕ ਦੀ ਗਲੀ ਵਿਚ, ਸ਼ਹਿਰ ਵਿਚ ਲੰਘਣਾ ਨਹੀਂ ਮਿਲ ਰਿਹਾ। ਪਿਆਰ ਅੱਗੇ ਖੜਾ ਭੀੜਾਂ ਪਾ ਰਿਹਾ ਹੈ। ਆਪ ਦੇ ਰਾਹ ਦੇ ਫ਼ਰਸ਼ ਸਿਦਕਵਾਨ ਸਿੱਖਾਂ ਤੇ ਸਿੰਘਣੀਆਂ ਦੇ ਨਵੇਂ ਮਸਤਕਾਂ ਨਾਲ ਢੱਕੇ ਪਏ ਹਨ। ਆਪ ਦੇ ਦਰਸ਼ਨ ਸਿੱਖ ਨੈਣਾਂ ਵਿਚ ਸਮਾ ਰਹੇ ਹਨ। ਕੋਈ ਅੱਖ ਇਸ ਧਰਤੀ 'ਤੇ ਖ਼ਾਲੀ ਨਹੀਂ ਰਹੀ। ਦਿਲ ਦਰਿਆ ਸਮੁੰਦਰ ਹੋ ਗਏ ਹਨ। ਉਹ ਚੰਨ, ਨੀਲੇ ਘੋੜੇ 'ਤੇ ਚੜ੍ਹ ਕੇ ਖਿਚ ਰਿਹਾ ਹੈ, ਉਛਾਲੇ ਆ ਰਹੇ ਹਨ ਆਲਮਗੀਰ ਪਿਆਰ ਠਾਠਾਂ ਮਾਰ ਰਿਹਾ ਹੈ।

ਇਹ ਓਹ ਹਾਲੇ ਕਿਸੇ ਨਾ ਅਨੁਭਵ ਕੀਤਾ ਪਿਆਰ ਹੈ, ਜਿਸ ਵਿਚ ਅਨੇਕਾਂ ਭੂਗੋਲ ਵੱਸ ਰਹੇ ਹਨ। ਸਾਹ ਲੈ ਰਹੇ ਹਨ, ਜੀਅ ਰਹੇ ਹਨ ਤੇ ਜੀਵਨ ਨੂੰ ਇਕ ਸੋਹਣੇ ਗੀਤ ਵਾਂਗ ਗਾ ਰਹੇ ਹਨ।

(3)

ਖ਼ਾਲਸਾ ਜੀ ਅਸੂਲ ਰੂਹ ਵਿਚ ਹੈ, ਨਕਲ ਜਿਸਮ ਵਿਚ ਹੈ। ਜੇ ਰੂਹ ਦੇ ਦੇਸ਼ ਨੂੰ ਛੱਡ ਕੇ ਜਿਸਮ ਦੇ ਦੇਸ਼ ਹੋਰਨਾਂ ਕੌਮਾਂ ਵਾਂਗ ਜਾ ਵੱਸਣਗੇ, ਆਪ ਜੀ ਦਾ ਸਾਰਾ ਰੂਹ ਮਾਦੀ ਜਿਸਮ ਹੋ ਜਾਏਗਾ, ਤੇ ਫ਼ਿਰ ਕੀ? ਤੇ ਦੇਖੋ ਜੇ ਗੁਰਮੁਖਾਂ ਵਾਂਗ ਜਿਸਮ ਦੇ ਦੇਸ਼ ਹੁਣੇ ਹੀ ਛੱਡ ਕੇ ਰੂਹ ਦੇ ਦੇਸ਼ ਵਿਚ ਜਾ ਵੱਸਣਗੇ ਤੇ ਆਪ ਦਾ ਜਿਸਮ ਰੂਹ ਹੋ ਜਾਏਗਾ ਤੇ ਗੁਰਸਿੱਖੀ ਰੂਹ ਦੇ ਦੇਸ਼ ਦਾ ਫ਼ੁੱਲ ਹੈ। ਜਿਸਮ ਦੇ ਦੇਸ਼ ਇਸ ਦਾ ਹੋਣਾ ਅਸੰਭਵ ਹੈ। ਜਿਸ ਨੂੰ ਜਿਸਮ ਦੇ ਦੇਸ਼ ਵਾਲੇ 'ਸਚਿ' ਤੇ 'ਸਤਿਨਾਮ' ਤੇ 'ਰੱਬ' ਤੇ 'ਧਰਮ' ਮੰਨੀ ਬੈਠੇ ਹਨ, ਓਹ ਸਭ ਕੂੜ, ਕੁਸੱਤ, ਭਰਮ, ਦੁਖ, ਦਰਦ, ਪੀੜਾ, ਗ਼ੁਲਾਮੀ ਚੌਰਾਸੀ ਗੇੜਾ ਹੈ। ਰੂਹ ਦੇ ਦੇਸ਼ਾਂ ਦੀ ਖੇਡ ਅਲੱਗ ਹੈ। ਇਥੇ ਰਾਤ, ਉਥੇ ਦਿਨ ਹੈ- 'ਜੁੱਤੀ ਭਾਵੇਂ ਫਟੀ ਹੈ, ਮੀਂਹ, ਚਿੱਕੜ ਫਟੀ ਜੁੱਤੀ ਵਿਚੋਂ ਲੰਘ ਰਿਹਾ ਹੈ, ਪਰ ਉਸ ਖਰੇ ਰੱਬ ਦੇ ਬੱਚੇ ਦੇ ਸਿਰ ਵਿਚ ਖ਼ੁਸ਼ੀ ਗਾ ਰਹੀ ਹੈ, ਸੁਫ਼ਨੇ ਦੇ ਰੰਗ ਵਾਲਾ ਰੂਹਾਨੀ ਪ੍ਰਕਾਸ਼ ਹੈ।'

ਖ਼ਾਲਸਾ ਜੀ! ਆਪ ਜੰਮੇ, ਪਲੇ, ਬਣੇ, ਰੂਹ ਦੇ ਸੁਫ਼ਨਿਆਂ ਦੇ ਹੋ। ਆਪ ਕਲਗੀਆਂ ਵਾਲੇ ਦਾ ਮੁਜੱਸਮ ਗੀਤ ਹੋ। ਜੇ ਆਪ ਆਪਣੀ ਅਸਲੀਅਤ ਨੂੰ ਛੋੜ, ਜਿਸਮ ਦੇ ਦੇਸ਼ ਵਿਚ ਵੱਸਦੇ-ਦੁਖੀ, ਦੱਬੇ, ਮੋਏ, ਕੰਗਾਲ, ਤਪੇ, ਕਬਰਾਂ ਦੇ ਵਸਨੀਕਾਂ ਦੇ ਖ਼ਿਆਲਾਂ ਤੇ ਕਰਤੂਤਾਂ ਅਨੁਸਾਰ 'ਸਤਿਨਾਮ' ਨੂੰ ਉਨ੍ਹਾਂ ਦੇ 'ਕੂੜ' ਨੂੰ ਸੱਚ ਥਾਪ ਆਪਣੀ ਅਸਲੀਅਤ ਨੂੰ ਕੰਡ ਦੇ ਕੇ ਉਨ੍ਹਾਂ ਮੋਏ ਲੋਕਾਂ ਦੇ ਮਿੱਥੇ ਨਿਗਰ ਵਸਤੂਆਂ ਨੂੰ ਸੱਚ ਮੰਨ ਲਵੋਗੇ, ਤਦ ਆਪ ਭਾਵੇਂ ਕਿਤੇ ਵੱਡੇ ਤੇ ਧਨਾਢ ਤੇ ਸੁਹਣੇ ਤੇ ਕੁਲੀਨ ਅਤੇ ਤਾਕਤ ਵਾਲੇ ਹੋ ਜਾਓ, ਆਪ ਗੁਰੂ ਆਦਰਸ਼ ਦੇ ਪ੍ਰਕਾਸ਼ ਵਿਚ 'ਮ੍ਰਿਤਕ' ਹੋ ਜਾਓਗੇ। ਉਸ ਦੇਸ਼ ਦੇ ਪ੍ਰੇਤ ਹੋਵੋਗੇ। ਅਰ ਆਪ ਗੁਰੂ ਨਾਲੋਂ ਟੁੱਟ ਕੇ ਕਿਥੇ ਜਾਉਗੇ? ਜ਼ਰਾ ਸੋਚ ਲੈਣਾ। ਇਹ ਦੁਨੀਆ ਕੀ ਹੈ? ਸੱਚ ਕੀ ਹੈ? ਤੁਸੀਂ ਕੀ ਹੋ? ਜੀਵਨ ਕੀ ਅਰ ਮੌਤ ਕੀ ਹੈ?

ਇਸ ਜਿਸਮ ਦੇ ਦੇਸ਼ ਵਿਚ ਕੋਈ ਵਸਤੂ ਨਿਗਰ ਨਹੀਂ। "ਕੂੜੁ ਰਾਜਾ, ਕੂੜੁ ਪਰਜਾ... ਕੂੜੁ ਮੀਆ, ਕੂੜੁ ਬੀਬੀ... ਕੂੜੁ ਸਭੁ ਸੰਸਾਰੁ"

**ਖ਼ਾਲਸਾ ਜੀ ਅਸੂਲ ਰੂਹ ਵਿਚ ਹੈ, ਨਕਲ ਜਿਸਮ ਵਿਚ ਹੈ। ਜੇ ਰੂਹ ਦੇ ਦੇਸ਼ ਨੂੰ ਛੱਡ ਕੇ ਜਿਸਮ ਦੇ ਦੇਸ਼ ਹੋਰਨਾਂ ਕੌਮਾਂ ਵਾਂਗ ਜਾ ਵੱਸਣਗੇ, ਆਪ ਜੀ ਦਾ ਸਾਰਾ ਰੂਹ ਮਾਦੀ ਜਿਸਮ ਹੋ ਜਾਏਗਾ, ਤੇ ਫ਼ਿਰ ਕੀ? ਤੇ ਦੇਖੋ ਜੇ ਗੁਰਮੁਖਾਂ ਵਾਂਗ ਜਿਸਮ ਦੇ ਦੇਸ਼ ਹੁਣੇ ਹੀ ਛੱਡ ਕੇ ਰੂਹ ਦੇ ਦੇਸ਼ ਵਿਚ ਜਾ ਵੱਸਣਗੇ ਤੇ ਆਪ ਦਾ ਜਿਸਮ ਰੂਹ ਹੋ ਜਾਏਗਾ ਤੇ ਗੁਰਸਿੱਖੀ ਰੂਹ ਦੇ ਦੇਸ਼ ਦਾ ਫ਼ੁੱਲ ਹੈ। ਜਿਸਮ ਦੇ ਦੇਸ਼ ਇਸ ਦਾ ਹੋਣਾ ਅਸੰਭਵ ਹੈ।**

ਹੈ। ਜਿਨ੍ਹਾਂ ਨੂੰ ਸਾਡੀ ਜਿਸਮੀ ਅਕਲ ਸੱਚ ਜਾਣਦੀ ਹੈ, ਉਸ ਨੂੰ ਗੁਰੂ ਨਾਨਕ ਸਾਹਿਬ ਕੂੜ ਦੱਸਦੇ ਹਨ। ਸੋ, ਆਪ ਦਾ ਮੂੰਹ ਕਿਧਰ ਹੋਣਾ ਲੋੜੀਏ? ਇਹ ਆਪ ਆਪਣੇ ਨਾਲ ਫ਼ੈਸਲਾ ਕਰੋ। ਜੇ ਗੁਰੂ ਵੱਲ ਹੈ ਤਦ ਗੁਰਮੁਖ ਉਸੇ ਘੜੀ, ਭਾਵੇਂ ਮੰਜ਼ਿਲ ਅਮੁਕ ਹੈ। ਉਸ ਪਿਆਰ-ਦੇਸ਼ ਢਹਿੰਦੇ ਰੁੜ੍ਹਦੇ, ਅਮੁਕ ਚਾਲੀਂ ਚੱਲਦੇ, ਇਕ ਦਿਨ ਲੜਖੜਾ ਕੇ, ਕਿਸੇ ਗੜੇ ਵਿਚ ਢਹਿ ਕੇ ਵੀ ਜਾਗੋਗੇ; ਤਦ ਕਲਗੀਆਂ ਵਾਲੇ ਦੇ ਦੇਸ਼ ਵਿਚ ਅਚਾਨਕ ਆਪੇ ਨੂੰ ਪਾਵਾਂਗੇ ਤੇ ਜੇ ਸਾਡੀ ਪਿੱਠ ਗੁਰੂ ਵੱਲ ਹੈ ਤਦ ਸਾਨੂੰ ਕਿਥੇ ਢੋਈ ਹੈ? ਕੌਣ ਦੱਸੇ- "**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥**" ਵਾਹਿਗੁਰੂ ਮਿਹਰ ਕਰੇ, ਅੱਜ ਤੇ ਸਦਾ ਅਸੀਂ ਆਪਣੇ ਸੂਰਜ ਵੱਲ ਮੂੰਹ ਕਰਕੇ ਆਪਣੇ ਪੱਤੇ ਪੱਤੇ, ਫ਼ੁੱਲ ਫ਼ੁੱਲ ਦੀ ਝੋਲੀ ਗੁਰੂ ਦੇ ਦਰ 'ਤੇ ਅੱਡੀ ਰੱਖੀਏ। ਪਰ ਸ਼ਰਤ ਹੈ ਕਿ ਹੀਰ ਵਾਂਗੂੰ ਰਾਂਝੇ ਦੇ ਰੂਹ ਵਿਚ, ਸਾਡਾ ਆਪਣਾ ਆਪ ਸਵਾਏ ਓਹਦੀ ਚਾਹ ਦੇ ਹੋਰ ਕੋਈ ਨਾ ਹੋਵੇ। ਗੁਰਸਿੱਖੀ ਦੀ ਇਹ ਸ਼ਰਤ ਉਨ੍ਹਾਂ ਲਈ ਕਠਿਨ ਹੈ ਜੋ ਪਿਆਰ ਤੇ ਇਸ਼ਕ ਨੂੰ ਮੰਤਕ ਨਾਲ ਤੋਲਦੇ ਹਨ, ਪਰ ਉਨ੍ਹਾਂ ਲਈ, ਜਿਨ੍ਹਾਂ ਉਪਰ ਪਿਆਰ ਤੜਪਦੀਆਂ ਬਿਜਲੀਆਂ ਵਾਂਗ ਡਿੱਗਦਾ ਹੈ ਇਕ ਸਹਿਜ ਸੁਭਾ ਸੁਖੈਨ ਹਾਲਤ ਹੈ, ਜਿਹੜੀ ਤਾਰੀ ਹੁੰਦੀ ਏ। ਉਨ੍ਹਾਂ ਲਈ ਇਸ ਥੀਂ ਵੱਧ ਕੋਈ ਪ੍ਰਾਪਤ ਦੀ, ਨਿਤ ਪ੍ਰਾਪਤੀ ਹੋਰ ਨਹੀਂ। ਖ਼ਾਲਸਾ ਜੀ! ਸਮਾਂ ਹੈ, ਆਪਣਾ ਆਪ ਅਸਮਾਨੀ ਬਿਜਲੀਆਂ ਅੱਗੇ ਸੁੱਟੋ, ਬਿਜਲੀਆਂ ਦੀਆਂ ਚਮਕਾਂ ਖਾਵੋ। ਆਪਣੀ ਜਿਸਮੀ ਛਿਲ ਦੇ ਹੇਠਾਂ ਹੇਠਾਂ ਪਿਆਰ ਦੀ ਰਸ ਦੀ ਚਾਲ ਦੇਖੋ, ਕਿੰਝ ਉਚਾਈਆਂ ਨੂੰ ਚੜ੍ਹਦੀ ਹੈ।

ਇਕ ਨਿੱਕੇ ਜਿਹੇ ਬੋਹੜ ਦੇ ਬ੍ਰਿਖ ਦੇ ਬੀਜ ਵਿਚ ਤਾਂ ਦੇਖੋ ਕੀ ਕਰਾਮਾਤੀ ਸ਼ੋਭਾ ਧਾਰੀ ਹੈ। ਕਦੀ ਉਚੇ ਪੂਰੇ ਵਧੇ ਬੋਹੜ ਦੇ ਬ੍ਰਿਖ ਦੀ ਉਚਾਈ, ਉਸ ਦੀ ਓਹ ਸਰੂਰ ਭਰੀ ਇਕ ਵਡਿਆਈ ਉਹਦੇ ਅਨੇਕ ਪੱਤਿਆਂ ਦਾ ਹਵਾਵਾਂ ਨਾਲ ਨਾਚ, ਉਸਦੇ ਸੋਹਣੇ ਲਾਲ ਫ਼ੁੱਲ, ਓਹ ਛਾਵਾਂ, ਉਹ ਫ਼ੈਲਾਓ ਤੱਕੇ ਜੇ? ਇਕ ਨਿੱਕੇ ਜਿਹੇ ਪੰਛੀ ਦੀ ਵਿਠ ਵਿਚ ਲੁਕੇ, ਸੁੱਟੇ, ਰੁਲੇ, ਇਕ ਬੀਜ ਦੀ ਇਹ ਸੋਭਾ ਹੈ। ਵਿਸਮਾਦ ਦਾ ਰੰਗ ਪੱਤੇ-ਪੱਤੇ ਵਿਚ ਫੁਟ ਰਿਹਾ ਹੈ।

ਖ਼ਾਲਸਾ ਜੀ! ਆਪ ਦੇ ਅੰਦਰ ਭਾਵੇਂ ਇਸ ਜਿਸਮੀ ਦੁਨੀਆ ਦੇ ਕੂੜੇ ਕਰਕਟ ਵਿਚ ਦਬਿਆ, ਛੁਪਿਆ, ਲੁਕਿਆ, ਰੋਲਿਆ, ਰੁਲਿਆ ਕਲਗੀਆਂ ਵਾਲੇ ਦੇ ਅਕਾਲੀ ਆਦਰਸ਼, ਅਕਾਲੀ ਪਿਆਰ, ਅਕਾਲੀ ਜੋਤ ਦਾ ਆਕਾਰ ਹੈ। ਓਹ ਚਿੰਨ੍ਹ ਮੂਰਤੀ ਹੈ, ਓਹ ਸਭ ਕੁਛ ਹੈ ਜੋ ਓਹ ਆਪ ਸੀ; ਹੁਣ ਵੀ ਹੈ, ਹੋਵੇਗਾ। ਕੀ ਬੋਹੜ ਦੇ ਬ੍ਰਿਛ ਦੀ ਸ਼ਾਨ ਤਾਂ ਆਪ ਆਪਣੇ ਨੈਣਾਂ ਗੋਚਰੇ ਕਰ ਸਕਦੇ ਹੋ? ਪਰ ਤੁਸੀਂ ਆਪਣੇ ਅੰਦਰ ਕਲਗ਼ੀਆਂ ਵਾਲੇ ਦੀ ਉਗੀ ਬਲਦੀ ਛਬੀ ਨੂੰ ਨਹੀਂ ਵੇਖ ਸਕਦੇ? ਬਸ ਜਿਸਮ ਦੇਸ਼ ਥੀਂ ਉਠੋ! ਗੁਰੂ ਦੇਸ਼ ਵੱਲ ਤੱਕੋ! ਤੇ ਬਸ ਤੱਕ, ਬੱਝੀ ਤੱਕ ਵਿਚ ਸਭ ਸਿੱਧੀ ਹੈ। ▪▪

# ਜਾਗਤ-ਜੋਤਿ

ਇਸ ਨਾਮ ਰੂਪੀ ਜਾਗਤ ਜੋਤਿ ਦਾ ਅਭਿਆਸ ਰੂਪੀ ਜਾਗੁ, ਪਾਰਸ-ਸੁਪਰਸ਼ਨੀ-ਜਾਗੁ ਉਸੇ ਵਡਿਭਾਗੀ ਆਤਮ-ਆਕ੍ਰਖਣੀ-ਰੂਹ ਨੂੰ ਲਗਦਾ ਹੈ, ਜਿਸ ਦੇ ਘਟ ਅੰਦਰ ਗੁਰੂ ਕਰਣਾ ਕਰਿ, ਗੁਰੂ ਰੂਪੀ ਜੋਤਿ ਪ੍ਰਕਾਸ਼ਕੀ ਬਿਸਮਾਦ ਕਲਾ ਸਪਰਸ਼ੀ ਜਾਏ। ਇਹ ਕੇਵਲ ਗੁਰੂ-ਹੁਕਮ ਅਨੁਸਾਰ ਗੁਰੂ-ਜੋਤਿ ਕਲਾ ਪ੍ਰਕਾਸ਼ ਕ੍ਰਿਸ਼ਮੀ ਗੁਰੂ ਸਰੂਪ ਪੰਚਾਂ ਪਿਆਰਿਆਂ ਦੇ ਪਾਰਸ ਸੁਪਰਸ਼ਨੀ ਕ੍ਰਿਸ਼ਮੇ ਦੁਆਰਾ ਹੀ ਸੁਪਰਸ਼ੀ ਜਾ ਸਕਦੀ ਹੈ। ਨਾਮ ਅਭਿਆਸ ਕਮਾਈ ਵਾਲੇ ਘਟੰਤਰਿ ਜਗਨ-ਜੋਤੀਸ਼ੀ ਦੀਵਿਆਂ ਵਾਲੇ ਅੰਮ੍ਰਿਤਧਾਰੀ ਪੰਚਾਂ ਪਿਆਰਿਆਂ ਦੀ, ਗੁਰੂ ਸਰੂਪ ਸੰਪੂਰਨ ਕਲਾ ਕ੍ਰਿਸ਼ਮੀ-ਨਾਮ-ਦਾਤਿ ਰੂਪੀ ਚੁੰਬਕ ਸਪਰਸ਼ ਹੀ ਨਾਮ ਰੂਪੀ ਜਗਨ ਜੋਤਿ ਦੀਵੇ ਅਧਿਕਾਰੀ ਜਗਿਆਸੂ ਜਨਾਂ ਦੇ ਘਟਾਂ ਅੰਦਰ ਜਗਾ ਸਕਦੀ ਹੈ। ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ, ਅੰਮ੍ਰਿਤ-ਕਲਾ-ਕ੍ਰਿਸ਼ਮੀ ਨਾਮ ਅਭਿਆਸ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਗੁਰਮਤਿ ਨਾਮ ਬੀਜ ਮਾਤਰ ਬੀਜਿਆ ਹੋਇਆ ਹੀ ਜਾਗਤ ਜੋਤਿ ਪ੍ਰਕਾਸ਼ਨੀ ਕਲਾ ਸਰੂਪ ਵਿਚ ਹੀ ਫ਼ਲੀਭੂਤ ਹੋ ਸਕਦਾ ਹੈ, ਐਵੇਂ ਨਹੀਂ। ਇਸ ਬਿਧਿ ਬੀਜ ਮਾਤਰ ਜਗਿਆਸੂ ਜਨ ਦੇ ਘਟੰਤਰਿ ਪਰਵੇਸ਼ਿਆ ਹੋਇਆ ਜਾਗਤ-ਜੋਤਿ ਨਾਮ ਨਿਸਬਾਸਰ ਹੀ ਅੰਮ੍ਰਿਤਧਾਰੀ ਜਗਿਆਸੂ ਜਨਾਂ ਤੋਂ ਜਪਿਆ ਅਭਿਆਸਿਆ ਕਮਾਇਆ ਜਾਵੇ ਤਦ ਜਾ ਕੇ ਜਾਗਤ



ਜੋਤਿ ਆਪਣੀ ਪੂਰੀ ਕਲਾ ਵਿਚ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਜਗਦੀ ਹੈ। ਘਟਾਂ ਅੰਦਰਿ ਜਗਦੀ ਹੈ ਘਟ ਅੰਦਰਿ ਪਰ ਜਗਾਈ ਹੀ ਜਗਦੀ ਹੈ, ਉਪਰ ਦਸੀ ਬਿਧੀ ਅਨੁਸਾਰ ਜਗਾਈ ਹੀ ਜਗਦੀ ਹੈ। ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ (ਨਿਖਾਲਸ) ਨਿਰੇ ਖ਼ਾਲਸ ਖ਼ਾਲਸੇ ਹਨ।

**-ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

# ਪੰਜ ਪਿਆਰੇ ਸਾਜਨ ਬਾਰੇ
# ਔਰੰਗਜ਼ੇਬ ਦੇ ਜਾਸੂਸ ਦੀ ਅੱਖੀਂ ਡਿੱਠੀ ਰਿਪੋਰਟ



ਗੁਰੂ ਜੀ ਦਰਬਾਰ ਵਿਚ ਆਏ ਅਤੇ ਕਿਰਪਾਨ ਨੂੰ ਮਿਆਨ 'ਚੋਂ ਕੱਢ ਨੰਗੀ ਕਰਕੇ ਫੜ ਬਾ ਅਵਾਜ਼ ਬੁਲੰਦ ਕਿਹਾ, ''ਮੈਨੂੰ ਇਕ ਸਿਰ ਦੀ ਲੋੜ ਹੈ'', ਬਗੈਰ ਦੇਰ ਸੋਚ ਵਿਚਾਰ ਅਤੇ ਕਿਸੇ ਹੀਲ-ਹੁੱਜਤ ਦੇ ਦਇਆ ਰਾਮ ਆ ਹਾਜ਼ਰ ਹੋਇਆ, ਗੁਰੂ ਜੀ ਨੇ ਭਰੇ ਦਰਬਾਰ ਵਿਚ ਜਿਥੇ ਉਹ ਖੜੇ ਸਨ, ਸਭਨਾਂ ਦੇ ਸਾਹਮਣੇ ਇਕ ਵਾਰ ਕੀਤਾ ਅਤੇ ਸਿਰ ਧੜ੍ਹ ਨਾਲੋਂ ਜੁਦਾ ਹੋ ਗਿਆ। ਦੀਵਾਨ ਵਿਚ ਸਨਸਨੀ ਫ਼ੈਲ ਗਈ ਅਤੇ ਬਹੁਤੇ ਆਦਮੀ ਅਵਾਕ ਰਹਿ ਗਏ। ਗੁਰੂ ਜੀ ਨੇ ਫ਼ਿਰ ਗਰਜ਼ਵੀਂ ਤੇ ਕੜਕਵੀਂ ਆਵਾਜ਼ ਵਿਚ ਕਿਹਾ, ਮੈਨੂੰ ਹੋਰ ਸਿਰ ਦੀ ਲੋੜ ਹੈ।

- ਤਲਵਿੰਦਰ ਸਿੰਘ ਬੁੱਟਰ

ਇਤਿਹਾਸ ਵਿਚ ਜਿਹੜੀਆਂ ਘਟਨਾਵਾਂ ਅਲੌਕਿਕ ਅਤੇ ਵਿਸ਼ੇਸ਼ ਰੱਬੀ ਮਨੋਰਥਾਂ ਅਨੁਸਾਰ ਵਾਪਰਦੀਆਂ ਹਨ, ਉਨ੍ਹਾਂ ਨੂੰ ਇਤਿਹਾਸਕਾਰ ਅਤੇ ਆਮ ਦੁਨੀਆ ਸਾਧਾਰਨ ਦ੍ਰਿਸ਼ਟੀ ਨਾਲ ਨਹੀਂ ਸਮਝ ਸਕਦੀ। ਇਨ੍ਹਾਂ ਆਸਾਧਾਰਨ ਅਤੇ ਅਲੌਕਿਕ ਘਟਨਾਵਾਂ ਨੂੰ ਸਮਝਣ ਤੇ ਮਹਿਸੂਸ ਕਰਨ ਲਈ ਚੇਤਨਾ ਦੀ ਇਕ ਆਸਾਧਾਰਨ ਅਤੇ ਵਿਸ਼ੇਸ਼ ਪੱਧਤੀ ਹੁੰਦੀ ਹੈ, ਜਿਸ ਦੀ ਰੂਹਾਨੀ ਅਵਸਥਾ, ਭਰੋਸਾ ਤੇ ਸ਼ਰਧਾ ਇਕ ਅਹਿਮ ਸ਼ਰਤ ਹੁੰਦੀ ਹੈ। ਦੁਨਿਆਵੀ ਗਿਆਨਵਾਨ ਲੋਕਾਂ ਕੋਲ ਇੰਦਰੀਗਤ ਗਿਆਨ ਦੇ ਭੰਡਾਰ ਹੋ ਸਕਦੇ ਹਨ ਪਰ ਉਹ ਆਤਮਿਕ ਸ਼ਕਤੀਆਂ ਤੋਂ ਅਨਜਾਣ ਅਜਿਹੀਆਂ ਘਟਨਾਵਾਂ ਅਤੇ ਕ੍ਰਿਸ਼ਮਿਆਂ ਨੂੰ ਸਮਝਣ ਤੋਂ ਬੇਵੱਸ ਹੁੰਦੇ ਹਨ। ਅਜਿਹੀਆਂ ਘਟਨਾਵਾਂ ਨੂੰ ਦੂਜੇ ਪੱਧਰ 'ਤੇ ਕਰਾਮਾਤ ਵਜੋਂ ਦੇਖਿਆ ਜਾ ਸਕਦਾ ਹੈ ਪਰ ਇਹ ਕਰਾਮਾਤਾਂ ਨਹੀਂ, ਮਨੁੱਖੀ ਕਲਿਆਣ ਦੇ ਮਨੋਰਥ ਕਾਜ ਹੁੰਦੇ ਹਨ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਲੀ ਵਿਚ ਮਜਨੂੰ ਕੇ ਟਿੱਲੇ ਹਾਥੀ ਜਿਊਂਦਾ ਕੀਤਾ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮਨ ਮੂਸਨ ਦਾ ਸਿਰ ਕੱਟਿਆ ਜੋੜ ਕੇ ਜਿੰਦਾ ਕੀਤਾ, ਬਾਬਾ ਗੁਰਦਿੱਤਾ ਜੀ ਨੇ ਅਨੰਦਪੁਰ ਸਾਹਿਬ ਗਊ ਜਿਊਂਦੀ ਕੀਤੀ ਅਤੇ ਬਾਬਾ ਅਟੱਲ ਰਾਇ ਜੀ ਨੇ ਆਪਣੇ ਸਾਥੀ ਮੋਹਨ ਜੀ ਨੂੰ ਜਿਊਂਦਾ ਕੀਤਾ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰਨ ਵੇਲੇ ਪੰਜ ਪਿਆਰਿਆਂ ਦੇ ਸੀਸ ਮੰਗੇ, ਉਨ੍ਹਾਂ ਨੂੰ ਆਪਣੀ ਸ਼ਮਸ਼ੀਰ ਨਾਲ ਝਟਕਾਇਆ, ਲਹੂ ਲਿਬੜੀ ਸ਼ਮਸ਼ੀਰ ਨਾਲ ਵਾਰੋ-ਵਾਰੀ ਪੰਜਾਂ ਦੇ ਸੀਸ ਧੜ ਨਾਲੋਂ ਜੁਦਾ ਕਰਕੇ ਮੁੜ ਜੋੜੇ, ਉਨ੍ਹਾਂ ਨੂੰ ਪੁਨਰ

ਜੀਵਤ ਕਰਕੇ ਖ਼ਾਲਸਾ ਸਜਾਇਆ।

ਇਨ੍ਹਾਂ ਘਟਨਾਵਾਂ ਦਾ ਸਾਧਾਰਨ ਬੁੱਧੀ ਅਤੇ ਭੌਤਿਕ ਗਿਆਨ ਦੇ ਪੱਧਰ ਤੱਕ ਹੀ ਜਿਊਣ ਵਾਲੇ ਇਤਿਹਾਸਕਾਰਾਂ ਅਤੇ ਆਮ ਲੋਕਾਂ ਨੇ ਯਕੀਨ ਮੰਨਣ ਤੋਂ ਹਮੇਸ਼ਾ ਇਨਕਾਰ ਕੀਤਾ ਹੈ। ਇਸੇ ਤਰ੍ਹਾਂ ਦੇ ਹੀ ਇਤਿਹਾਸਕਾਰਾਂ ਅਤੇ ਆਮ ਲੋਕਾਂ ਨੇ ਦਸਮ ਪਿਤਾ ਵਲੋਂ ਤੰਬੂ ਵਿਚ 'ਪੰਜ ਬੱਕਰੇ ਝਟਕਾਉਣ' ਦੀ ਝੂਠੀ ਮਿੱਥ ਪ੍ਰਸਿੱਧ ਕਰ ਲਈ। ਬਾਦਸ਼ਾਹ ਔਰੰਗਜ਼ੇਬ ਦਾ ਇਕ ਗੁਪਤਚਰ ਪੰਜ ਪਿਆਰਿਆਂ ਦੀ ਸਿਰਜਣਾ ਦੀ ਅਗੰਮੀ ਕਲਾ ਖੇਡ ਨੂੰ ਆਪਣੀ ਇਕ ਰਿਪੋਰਟ ਵਿਚ ਬਿਆਨ ਕਰਦਾ ਹੈ, ਜਿਹੜੀ ਬੜੀ ਅਦਭੁੱਤ ਅਤੇ ਅਨੋਖੀ ਹੈ। ਗੁਰਬਾਣੀ ਤਾਂ ਸਾਨੂੰ ਬਾਰ-ਬਾਰ ਅਕਾਲ ਪੁਰਖ ਵਾਹਿਗੁਰੂ ਅਤੇ ਸਤਿਗੁਰੂ ਦੀ ਮੁਰਦਿਆਂ ਨੂੰ ਜਿੰਦਾ ਕਰ ਦੇਣ ਵਾਲੀ ਸਦੀਵੀ ਪਾਰਸ ਕਲਾ ਬਾਰੇ ਦੱਸਦੀ ਹੈ ਪਰ ਸ਼ਾਇਦ ਸਾਡਾ ਇੰਨਾ ਦ੍ਰਿੜ੍ਹ ਨਿਸ਼ਚਾ ਹੀ ਨਹੀਂ ਹੈ ਕਿ ਅਸੀਂ ਗੁਰਬਾਣੀ ਦੇ ਬਚਨਾਂ ਨੂੰ ਸ਼ਾਖਸ਼ਾਤ ਮਹਿਸੂਸ ਕਰ ਸਕੀਏ :

**ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥**

**ਸਤਿਗੁਰ ਮੇਰੇ ਕੀ ਵਡਿਆਈ॥ ਪ੍ਰਗਟੁ ਭਈ ਹੈ ਸਭਨੀ ਥਾਈ ॥੨॥ ( ॥੪॥੧੧॥੨੪॥)**

**(ਭੈਰਉ ਮ. ੫, ਅੰਗ : ੧੧੪੨)**

ਇਤਿਹਾਸ ਵਿਚ ਵੀ ਜ਼ਿਕਰ ਮਿਲਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਦਾ ਇਕ ਗੁਪਤਚਰ ਲੰਬਾ ਸਮਾਂ ਦਸਮ ਪਿਤਾ ਦੇ ਦਰਬਾਰ ਦੀ ਜਾਸੂਸੀ ਕਰਦਾ ਰਿਹਾ ਪਰ ਸਿੱਖਾਂ ਦੀਆਂ ਭਿਣਕਾਂ ਲੈਂਦਾ-ਲੈਂਦਾ ਉਹ ਖੁਦ ਗੁਰੂ ਦਾ ਹੋ ਗਿਆ। ਸਿੰਘ ਸਜ ਗਿਆ। ਭਾਈ ਵੀਰ ਸਿੰਘ ਜੀ ਨੇ ਵੀ 'ਦਸਮੇਸ਼ ਚਮਤਕਾਰ' ਵਿਚ ਉਸ ਗੁਪਤਚਰ ਦਾ ਜ਼ਿਕਰ ਅਬੂਉਲਾ ਤਰਾਨੀ ਵਜੋਂ ਕੀਤਾ ਹੈ, ਜਿਹੜਾ ਦੋ-ਢਾਈ ਵਰ੍ਹੇ ਦਸਮ ਪਿਤਾ ਦੇ ਦਰਬਾਰ ਦੀ ਜਾਸੂਸੀ ਕਰਦਾ ਰਿਹਾ।

ਇਹ ਅਬੂਉਲਾ ਤਰਾਨੀ ਪਹਿਲਾਂ ਬ੍ਰਾਹਮਣ ਸੀ ਅਤੇ ਫ਼ੇਰ ਮੁਸਲਮਾਨ ਬਣ ਗਿਆ ਅਤੇ ਔਰੰਗਜ਼ੇਬ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਬ੍ਰਾਹਮਣ ਦਾ ਰੂਪ ਧਾਰ, ਟਿੱਕਾ ਲਾ ਜਨੇਊ ਪਾ, ਧੋਤੀ ਬੰਨੀ ਰਹਿੰਦਾ ਸੀ ਅਤੇ ਦਰਬਾਰ ਦੀ ਰੋਜ਼ ਦੀ ਰਿਪੋਰਟ ਦਿੱਲੀ ਔਰੰਗਜ਼ੇਬ ਨੂੰ ਭੇਜਦਾ ਸੀ। ਇਹ ਦਸਮੇਸ਼ ਪਿਤਾ ਜੀ ਦੇ ਮਾਲੀ ਗੁਲਾਬ ਕੋਲ ਰਹਿੰਦਾ ਸੀ, ਜਦੋਂ ਦਸਮੇਸ਼ ਪਿਤਾ ਜੀ ਦੇ ਦਰਬਾਰ ਵਿਚ ਜਾਂਦਾ ਤਾਂ ਉਨ੍ਹਾਂ ਦੇ ਚਰਨਾਂ 'ਤੇ ਡੰਡਉਤ ਪ੍ਰਣਾਮ ਕਰਦਾ ਸੀ ਅਤੇ ਅੱਗੋਂ ਦਸਮੇਸ਼ ਪਿਤਾ ਜਾਣੀ-ਜਾਣ ਹੱਸ ਛੱਡਦੇ ਸਨ, ਜਿਵੇਂ ਉਨ੍ਹਾਂ ਨੂੰ ਇਸ ਪਾਖੰਡ ਦੰਭ ਤੇ ਜਾਸੂਸੀ ਦਾ ਇਲਮ ਹੋਵੇ।

---

ਅਬੂਉਲਾ ਤਰਾਨੀ ਲਿਖਦਾ ਹੈ, "ਮੈਂ ਬਹੁਤ ਪਛਤਾਇਆ ਤੇ ਰੋਇਆ। ਉਸ ਤੋਂ ਬਾਅਦ ਉਥੋਂ ਹੀ ਹਜ਼ਾਰਾਂ ਆਦਮੀਆਂ ਨੇ ਉਹ ਆਬ-ਏ-ਹਿਯਾਤ ਪੀਤਾ। ਮੈਥੋਂ ਨਾ ਰਿਹਾ ਗਿਆ ਅਤੇ ਮੈਂ ਵੀ ਆਪਣੇ ਆਪ ਨੂੰ ਬੜਾ ਧਿਰਕਾਰਦਾ ਅਤੇ ਪਛਤਾਉਂਦਾ ਹੋਇਆ ਉਸੇ ਵਕਤ ਹੀ ਕਿਸੇ ਮਿਕਨਾਤੀਸੀ ਕਸ਼ਸ਼ ਅਧੀਨ ਝੱਟ ਗੁਰੂ ਦੇ ਚਰਨਾਂ 'ਤੇ ਡਿੱਗਾ। ਉਸ ਤੋਂ ਆਬ-ਏ-ਹਿਯਾਤ ਦੀ ਦਾਤ ਮੰਗੀ। ਗੁਰੂ ਜਿਹੜਾ ਜ਼ਰੂਰ ਮੇਰੇ ਪਾਖੰਡ ਅਤੇ ਦੰਭ ਜਾਣਦਾ ਸੀ, ਉਸ ਨੇ ਬੜੇ ਪਿਆਰ ਨਾਲ ਮੈਨੂੰ ਥਾਪੜਾ ਦੇ ਆਬ-ਏ-ਹਿਯਾਤ ਪਿਲਾ ਕੇ ਮੇਰਾ ਨਾਮ 'ਅਜਮੇਰ ਸਿੰਘ' ਰੱਖ ਦਿੱਤਾ। ਮੇਰੇ ਜਨਮਾਂਤਰਾਂ ਦੇ ਇਸ ਤਰ੍ਹਾਂ ਪਾਪ ਕੱਟੇ ਗਏ।

---

ਬਟਾਲੇ ਤੋਂ ਚੜ੍ਹਦੇ ਪਾਸੇ ਗੁਰਦਾਸਪੁਰ ਵਾਲੀ ਸੜਕ ਉਤੇ ਸ਼ਹਿਰ ਤੋਂ ਕੋਈ ਡੇਢ ਕੁ ਮੀਲ ਦੀ ਵਿੱਥ 'ਤੇ ਪਿੰਡ ਕਿਲ੍ਹਾ ਟੇਕ ਸਿੰਘ ਹੈ। ਉਥੇ ਤਕੜੇ ਵਿਦਵਾਨ ਗਿਆਨੀ ਬੂਟਾ ਸਿੰਘ ਹਨ। ਜਿਹੜੇ ਖੇਤੀਬਾੜੀ ਦੇ ਨਾਲ ਹਿਕਮਤ ਦਾ ਕੰਮ ਵੀ ਕਰਦੇ ਹਨ। ਉਮਰ ੭੦ ਸਾਲ ਦੇ ਲਾਗੇ ਹੈ। ਉਨ੍ਹਾਂ ਦੀ ਲਾਇਬ੍ਰੇਰੀ ਵਿਚੋਂ ਇਕ ਉਰਦੂ ਦੀ ਪੁਸਤਕ ਮਿਲੀ, ਪੁਸਤਕ ਦੇ ਪਹਿਲੇ ਅਤੇ ਪਿਛਲੇ ੪ ਵਰਕੇ ਨਹੀਂ ਸਨ ਪਰ ਪੁਸਤਕ 'ਅਬੂਉਲਾ ਤਰਾਨੀ' ਦੀ ਲਿਖੀ ਹੋਈ ਸੀ। ਅਬੂਉਲਾ ਤਰਾਨੀ ਉਸੇ ਕਿਤਾਬ ਵਿਚ ਇਸ ਤਰ੍ਹਾਂ ਲਿਖਦਾ ਹੈ :

"ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਅੰਮ੍ਰਿਤ ਤਿਆਰ ਕੀਤਾ, ਦੀਵਾਨ ਵਿਚ ਹਾਜ਼ਰੀ ੩੫-੪੦ ਹਜ਼ਾਰ ਸੀ। ਮੁਗ਼ਲਾਂ ਦੇ ਚਾਰ ਤਖ਼ਤ ਸਨ, ਦਿੱਲੀ, ਆਗਰਾ, ਲਾਹੌਰ ਤੇ ਕਲਾਨੌਰ, ਪਰ ਗੁਰੂ ਦੇ ਤਖ਼ਤ ਦੀ ਸੋਭਾ ਨਿਰਾਲੀ ਸੀ। ਇਹ ਤਖ਼ਤ ਮੁਗ਼ਲ ਬਾਦਸ਼ਾਹ ਦੇ ਤਖ਼ਤ ਨੂੰ ਮਾਤ ਕਰਦਾ ਸੀ। ਉਸ ਦਿਨ ਲਿਬਾਸ ਚੜ੍ਹਤ ਜਲਾਲ ਅਤੇ ਤੇਜ ਅਝੱਲਵਾਂ ਸੀ। ਗੁਰੂ ਜੀ ਦਰਬਾਰ ਵਿਚ ਆਏ ਅਤੇ ਕਿਰਪਾਨ ਨੂੰ ਮਿਆਨ 'ਚੋਂ ਕੱਢ ਨੰਗੀ ਕਰਕੇ ਫੜ ਬਾ ਅਵਾਜ਼ ਬੁਲੰਦ ਕਿਹਾ, "ਮੈਨੂੰ ਇਕ ਸਿਰ ਦੀ ਲੋੜ ਹੈ", ਬਗੈਰ ਦੇਰ ਸੋਚ ਵਿਚਾਰ ਅਤੇ ਕਿਸੇ ਹੀਲ-ਹੁੱਜਤ ਦੇ ਦਇਆ ਰਾਮ ਆ ਹਾਜ਼ਰ ਹੋਇਆ, ਗੁਰੂ ਜੀ ਨੇ ਭਰੇ ਦਰਬਾਰ ਵਿਚ ਜਿਥੇ ਉਹ ਖੜੇ ਸਨ, ਸਭਨਾਂ ਦੇ ਸਾਹਮਣੇ ਇਕ ਵਾਰ ਕੀਤਾ ਅਤੇ ਸਿਰ ਧੜ੍ਹ ਨਾਲੋਂ ਜੁਦਾ ਹੋ ਗਿਆ। ਦੀਵਾਨ ਵਿਚ ਸਨਸਨੀ ਫ਼ੈਲ ਗਈ ਅਤੇ ਬਹੁਤੇ ਆਦਮੀ ਅਵਾਕ ਰਹਿ ਗਏ। ਗੁਰੂ ਜੀ ਨੇ ਫ਼ਿਰ ਗਰਜ਼ਵੀਂ ਤੇ ਕੜਕਵੀਂ ਆਵਾਜ਼ ਵਿਚ ਕਿਹਾ, ਮੈਨੂੰ ਹੋਰ ਸਿਰ ਦੀ ਲੋੜ ਹੈ। ਝੱਟ ਧਰਮ ਚੰਦ ਉਠਿਆ, ਜਾ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਗੁਰੂ ਦੇ ਇਕੋ ਵਾਰ ਨੇ ਇਸ ਦਾ ਸਿਰ ਧੜ੍ਹ ਤੋਂ ਵੱਖ ਕਰ ਦਿੱਤਾ। ਦੀਵਾਨ ਵਿਚ ਹਲਚਲੀ ਮੱਚ ਗਈ, ਭਾਜੜ ਪੈ ਗਈ ਗੁਰੂ ਜੀ ਨੇ ਫ਼ੇਰ ਬਾ ਆਵਾਜ਼ ਬੁਲੰਦ ਇਕ ਹੋਰ ਸਿਰ ਮੰਗਿਆ ਅਤੇ ਯਕੇ ਬਾਦ ਦੀਗਰੇ ਹਿੰਮਤ ਰਾਏ, ਮੁਹਕਮ ਚੰਦ, ਸਾਹਿਬ ਚੰਦ ਇਨ੍ਹਾਂ ਪੰਜਾਂ ਨੂੰ ਕਤਲ ਕਰ ਦਿੱਤਾ। ਸਿਰ ਧੜ੍ਹਾਂ ਨਾਲੋਂ ਵੱਖਰੇ ਕਰ ਦਿੱਤੇ। ਕਈ ਆਦਮੀ ਗੁਰੂ ਜੀ ਦੀ ਮਾਤਾ ਕੋਲ ਪਹੁੰਚ ਗਏ ਅਤੇ ਸਾਰੀ ਵਿਥਿਆ ਸੁਣਾਈ। ਗੁਰੂ ਜੀ ਨੇ ਉਨ੍ਹਾਂ ਪੰਜਾਂ ਦੇ ਸਰੀਰਾਂ ਅਤੇ ਕੱਪੜਿਆਂ ਨੂੰ ਚੰਗੀ ਤਰ੍ਹਾਂ ਧੋ ਦਿੱਤਾ। ਫਰਸ਼ ਵੀ ਸਾਫ਼ ਕੀਤਾ ਅਤੇ ਖ਼ੂਨ ਦਾ ਕੋਈ ਦਾਗ਼ ਕਿਤੇ ਵੀ ਨਾ ਰਹਿਣ ਦਿੱਤਾ। ਫ਼ਿਰ ਉਸ ਕਾਫ਼ਰਾਂ ਦੇ ਪੀਰ ਨੇ ਇਕ ਦਾ ਸਿਰ ਦੂਜੇ ਦੇ ਧੜ੍ਹ ਨਾਲ ਅਤੇ ਸਿਰ ਤੇ ਧੜ੍ਹ ਰਲਾ-ਮਿਲਾ ਕੇ ਦੂਜਿਆਂ ਧੜ੍ਹਾਂ ਨਾਲ ਦੂਜੇ ਸਿਰ ਲਾ ਕੇ ਪਹਿਰ ਕੇ ਵਿਚ ਚੰਗੀ ਤਰ੍ਹਾਂ ਹਿਕਮਤੇ ਅਮਲੀ ਨਾਲ ਸੀਅ ਦਿੱਤੇ ਅਤੇ ਉਨ੍ਹਾਂ ਪੰਜਾਂ ਲਾਸ਼ਾਂ ਉਤੇ ਚਿੱਟੇ ਕੱਪੜੇ ਪਾ ਦਿੱਤੇ। ਫ਼ੇਰ ਇਕ ਪੱਥਰ ਦਾ ਕੂੰਡਾ ਮੰਗਵਾਇਆ ਅਤੇ ਉਸ 'ਤੇ ਇਕ ਕੜਾਹੀ, ਜਿਸ ਨੂੰ ਕੁੰਡੇ ਨਹੀਂ ਸੀ ਲੱਗੇ ਹੋਏ, ਰੱਖ ਪਾਣੀ ਪਾ ਆਬ-ਏ-ਹਿਯਾਤ ਬਣਾਉਣ ਲੱਗ ਪਿਆ। ਕਾਫ਼ਰਾਂ ਦਾ ਪੀਰ ਉਸ ਕੜਾਹੀ ਵਿਚ ਤਲਵਾਰ ਫ਼ੇਰਦਾ ਰਿਹਾ ਅਤੇ ਕੋਈ ਕਲਮਾਂ ਪੜ੍ਹਦਾ ਰਿਹਾ। ਇਹ ਅਮਲ ਕੋਈ ਅੱਧਾ-ਪੌਣਾ ਪਹਿਰ ਹੁੰਦਾ ਰਿਹਾ। ਏਸੇ ਸਮੇਂ ਕਾਫ਼ਰਾਂ ਦੇ ਪੀਰ ਦੀ ਕਿਸੇ ਔਰਤ ਨੇ ਉਸ ਕੜਾਹੀ ਵਿਚ ਕੁਝ ਲਿਆ ਕੇ ਪਾ ਦਿੱਤਾ। ਹੁਣ ਆਬ-ਏ-ਹਿਯਾਤ ਤਿਆਰ ਹੋ ਚੁੱਕਾ ਸੀ। ਗੁਰੂ ਜੀ ਨੇ ਉਨ੍ਹਾਂ ਲਾਸ਼ਾਂ ਤੋਂ ਪਰਦਾ ਚੁੱਕ ਪਹਿਲਾਂ ਦਇਆ ਰਾਮ ਦੇ ਸਿਰਹਾਣੇ ਬੈਠ ਮੂੰਹ ਖੋਲ੍ਹ ਆਬ-ਏ-ਹਿਯਾਤ ਉਸ ਦੇ ਮੂੰਹ ਵਿਚ ਪਾ ਦਿੱਤਾ। ਸਿਰ ਦੇ ਵਾਲਾਂ ਵਿਚ ਪਾਇਆ ਅਤੇ ਸਾਰੇ ਸਰੀਰ 'ਤੇ ਛਿੜਕਿਆ ਅਤੇ ਆਖਿਆ, "ਬੋਲ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥" ਇਹ ਕਹਿੰਦੇ ਸਾਰ ਹੀ ਦਇਆ ਰਾਮ ਉਠ ਕੇ ਖਲੋ ਗਿਆ ਅਤੇ ਉਚੀ ਸਾਰੀ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥" ਬੋਲਿਆ। ਭਰੇ ਦੀਵਾਨ ਵਿਚ ਸਕਤੇ

ਦਾ ਆਲਮ ਛਾ ਗਿਆ, ਹਜ਼ਾਰਾਂ ਇਨਸਾਨਾਂ ਦੇ ਹੁੰਦਿਆਂ ਹੋਇਆਂ ਵੀ ਕੋਈ ਸਾਹ ਨਹੀਂ ਲੈ ਰਿਹਾ ਸੀ ਅਤੇ ਦੀਵਾਨ ਵਿਚ ਬੈਠੇ ਆਦਮੀ ਗੁਰੂ ਦੀ ਕਰਾਮਾਤ ਉਤੇ ਮੁਗਧ ਹੋਏ ਕਿਸੇ ਜਾਦੂ ਦੇ ਅਸਰ ਹੇਠ ਕੀਲੇ ਹੋਏ ਬੈਠੇ ਸਨ। ਇਸੇ ਤਰ੍ਹਾਂ ਉਸ ਦੇ ਬਾਅਦ ਯਕੇ ਬਾਅਦ ਦੀਗਰੇ ਬਾਕੀ ਦੇ ਉਨ੍ਹਾਂ ਚੌਹਾਂ ਨੂੰ ਵੀ ਆਬ-ਏ-ਹਿਯਾਤ ਪਿਲਾ ਉਸੇ ਤਰ੍ਹਾਂ ਵਾਲਾਂ ਅਤੇ ਸਰੀਰ ਉਤੇ ਆਬ-ਏ-ਹਿਯਾਤ ਛਿੜਕ "ਬੋਲ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ" ਬੁਲਾ ਉਨ੍ਹਾਂ ਨੂੰ ਵੀ ਮੁੜ ਜ਼ਿੰਦਾ ਕਰ ਦਿੱਤਾ ਤੇ ਗੁਰੂ ਉਨ੍ਹਾਂ ਨੂੰ ਤੰਬੂ ਵਿਚ ਲੈ ਗਿਆ। ਕੁਝ ਚਿਰ ਬਾਅਦ ਗੁਰੂ ਆਪ ਵੀ ਅਤੇ ਉਹ ਪੰਜੇ ਆਦਮੀ ਪਿੱਛੇ-ਪਿੱਛੇ ਤੰਬੂ ਵਿਚੋਂ ਬਾਹਰ ਆ ਖਲੋ ਗਏ। ਗੁਰੂ ਨੇ ਬੀਰ-ਆਸਣ ਕਰ ਉਨ੍ਹਾਂ ਤੋਂ ਆਬ-ਏ-ਹਿਯਾਤ ਮੰਗਿਆ। ਉਨ੍ਹਾਂ ਨੇ ਪੁੱਛਿਆ, ਤੁਸੀਂ ਇਸ ਅਮੋਲ ਵਸਤੂ ਲਈ ਕੀ ਦਿੱਤਾ? ਗੁਰੂ ਜੀ ਨੇ ਕਿਹਾ, "ਮੈਂ ਪ੍ਰਣ ਕਰਦਾ ਹਾਂ, ਮੈਂ ਆਪਣੇ ਮਾਤਾ-ਪਿਤਾ, ਔਲਾਦ ਆਪ ਤੇ ਸਭ ਕੁਝ ਕੁਰਬਾਨ ਕਰ ਦਿਆਂਗਾ ਅਤੇ ਇਸ 'ਤੇ ਉਨ੍ਹਾਂ ਪੰਜਾਂ ਨੇ ਗੁਰੂ ਜੀ ਨੂੰ ਆਬ-ਏ-ਹਿਯਾਤ ਦਿੱਤਾ ਅਤੇ ਗੁਰੂ ਜੀ ਦਾ ਨਾਮ ਉਸ ਵਕਤ ਤੋਂ ਗੋਬਿੰਦ ਸਿੰਘ ਹੋ ਗਿਆ ਅਤੇ ਉਨ੍ਹਾਂ ਦੇ ਨਾਮ ਨਾਲ ਵੀ 'ਸਿੰਘ' ਜੋੜ ਦਿੱਤਾ। ਦਇਆ 'ਸਿੰਘ', ਧਰਮ 'ਸਿੰਘ', ਹਿੰਮਤ 'ਸਿੰਘ', ਮੁਹਕਮ 'ਸਿੰਘ' ਅਤੇ ਸਾਹਿਬ 'ਸਿੰਘ' ਰੱਖ ਦਿੱਤਾ।"

ਅਬੂਉਲਾ ਤਰਾਨੀ ਲਿਖਦਾ ਹੈ, "ਮੈਂ ਬਹੁਤ ਪਛਤਾਇਆ ਤੇ ਰੋਇਆ। ਉਸ ਤੋਂ ਬਾਅਦ ਉਥੋਂ ਹੀ ਹਜ਼ਾਰਾਂ ਆਦਮੀਆਂ ਨੇ ਉਹ ਆਬ-ਏ-ਹਿਯਾਤ ਪੀਤਾ। ਮੈਥੋਂ ਨਾ ਰਿਹਾ ਗਿਆ ਅਤੇ ਮੈਂ ਵੀ ਆਪਣੇ ਆਪ ਨੂੰ ਬੜਾ ਧਿਰਕਾਰਦਾ ਅਤੇ ਪਛਤਾਉਂਦਾ ਹੋਇਆ ਉਸੇ ਵਕਤ ਹੀ ਕਿਸੇ ਮਿਕਨਾਤੀਸੀ ਕਸ਼ਸ਼ ਅਧੀਨ ਝੱਟ ਗੁਰੂ ਦੇ ਚਰਨਾਂ 'ਤੇ ਡਿੱਗਾ। ਉਸ ਤੋਂ ਆਬ-ਏ-ਹਿਯਾਤ ਦੀ ਦਾਤ ਮੰਗੀ। ਗੁਰੂ ਜਿਹੜਾ ਜ਼ਰੂਰ ਮੇਰੇ ਪਾਖੰਡ ਅਤੇ ਦੰਭ ਜਾਣਦਾ ਸੀ, ਉਸ ਨੇ ਬੜੇ ਪਿਆਰ ਨਾਲ ਮੈਨੂੰ ਥਾਪੜਾ ਦੇ ਆਬ-ਏ-ਹਿਯਾਤ ਪਿਲਾ ਕੇ ਮੇਰਾ ਨਾਮ 'ਅਜਮੇਰ ਸਿੰਘ' ਰੱਖ ਦਿੱਤਾ। ਮੇਰੇ ਜਨਮਾਂਤਰਾਂ ਦੇ ਇਸ ਤਰ੍ਹਾਂ ਪਾਪ ਕੱਟੇ ਗਏ। ਮੈਂ ਗੁਰੂ ਕੀ ਫ਼ੌਜ ਵਿਚ ਭਰਤੀ ਹੋ ਗਿਆ ਅਤੇ ਕਈ ਜੰਗਾਂ ਨਾਲ ਦੂ ਬਦੂ ਲੜਿਆ। ਮੈਂ ਉਸੇ ਦਿਨ ਹੀ ਆਪਣੀ ਜ਼ਿੰਦਗੀ ਦੀ ਅਖ਼ੀਰਲੀ ਰਿਪੋਰਟ ਔਰੰਗਜ਼ੇਬ ਨੂੰ ਘੱਲ ਦਿੱਤੀ ਤੇ ਇਸ ਦੀਵਾਨ ਵਿਚ ਵਾਪਰੀ ਅਤੇ ਅੱਖੀਂ ਡਿੱਠੀ ਘਟਨਾ ਦਾ ਸਾਰਾ ਹਾਲ ਵਿਸਥਾਰ ਨਾਲ ਖੁੱਲ੍ਹ ਕੇ ਲਿਖ ਦਿੱਤਾ ਅਤੇ ਬੜੇ ਜ਼ੋਰਦਾਰ ਲਫ਼ਜ਼ਾਂ ਵਿਚ ਔਰੰਗਜ਼ੇਬ ਨੂੰ ਤਾੜਨਾ ਕੀਤੀ ਕਿ ਖ਼ਬਰਦਾਰ ਰੱਬ ਨਾਲ ਜਿਉਂਦੇ ਜਾਗਦੇ ਖ਼ੁਦਾ ਨਾਲ ਮੱਥਾ ਨਾ ਲਾ, ਜ਼ੁਲਮ ਨਾ ਕਮਾ ਅਤੇ ਜੇ ਮੇਰੀ ਸਿਫ਼ਾਰਿਸ਼ 'ਤੇ ਅਮਲ ਨਾ ਕੀਤਾ ਤਾਂ ਖ਼ਾਨਦਾਨ, ਸਲਤਨਤ ਤਬਾਹ ਹੋ ਜਾਵੇਗੀ ਦੁਨੀਆ ਦੇ ਤਖ਼ਤੇ ਉਤੇ ਤੇਰਾ ਨਾਮੋ-ਨਿਸ਼ਾਨ ਮਿਟ ਜਾਵੇਗਾ।

ਗਿਆਨੀ ਦਲੀਪ ਸਿੰਘ ਕੋਮਲ ਧਨੌਲਾ ਵਾਲਿਆਂ ਦਾ ਕਹਿਣਾ ਹੈ ਕਿ ਇਹ ਪੁਸਤਕ ਅਲੀਗੜ੍ਹ ਯੂਨੀਵਰਸਿਟੀ ਵਿਚ ਵੀ ਪਈ ਦੱਸੀ ਜਾਂਦੀ ਹੈ। ■■

# ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ

ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ...
ਪੰਜ ਬਰਾਦਰੀਆਂ ਵਿਚੋਂ ਚੁਣ ਕੇ ਪੰਜ ਪਿਆਰੇ ਮੈਂ...
ਅੰਮ੍ਰਿਤ ਪਿਲਾ ਕੇ ਇਕੋ ਕੌਮ ਬਣਾ ਦੂੰ ਸਾਰੇ ਮੈਂ...
ਭੇਦ ਮਿਟਾ ਕੇ ਜਾਤਾਂ ਗੋਤਾਂ ਮੇਰਾਂ-ਤੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ...

ਚਰਖੜੀਆਂ 'ਤੇ ਚੜ੍ਹ ਕੇ ਸਿਦਕੀ ਸੀਅ ਨਾ ਕਹਿਣਗੇ...
ਬੰਦ-ਬੰਦ ਕਟਵਾਉਂਦੇ ਮੁੱਖੋਂ ਹੱਸਦੇ ਰਹਿਣਗੇ...
ਆਖਣਗੇ ਸਤਿਗੁਰ ਨੇ ਮੀਂਹ ਪਾਇਆ ਮਿਹਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ...

ਸਿੱਖ ਸੂਰਮਿਓਂ ਅਣਗਿਣਤੇ ਸਿਰ ਦੇਣੇ ਪੈਣਗੇ...
ਦੁਸ਼ਮਣ ਦੇ ਸਿਰ ਵਾਂਗ ਚਿੱਬੜਾਂ ਫ਼ੇਹਣੇ ਪੈਣਗੇ...
ਜਾਣ ਮੁ.ਗਲ ਕੀ ਚੱਖੂ ਮਜ਼ਾ ਸਕੀਲੇ ਬੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ...

ਮੁੱਕੇ ਕੁੱਲ ਵਸੀਲੇ ਸਿੱਧਾ ਮੱਥਾ ਲਾਉਣਾ ਪਊ...
ਨੇਜੇ-ਤੀਰਾਂ ਤਲਵਾਰਾਂ ਦਾ ਰਾਹ ਅਪਨਾਉਣਾ ਪਊ...
ਅੱਜ ਖੜ੍ਹਾ ਦਲ ਕਰਨਾ ਗਾਜੀ ਮਰਦ ਦਲੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ ...

ਕੀਤੇ ਕੌਲ ਅਕਾਲ ਪੁਰਖ ਸੰਗ ਡੱਟ ਕੇ ਪਾਲੂੰਗਾ...
ਅੱਗ ਵਿਦਰੋਹ ਦੀ ਹਰ ਸਿੱਖ ਦੇ ਮੈਂ ਅੰਦਰ ਬਾਲੂੰਗਾ...
ਅੰਧਕਾਰ ਵਿਚ ਚਾੜ੍ਹੂੰ ਸੂਰਜ ਸੁਰਖ ਸਵੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ...

ਤੱਕੜੀ ਤੋਲਣ ਵਾਲੇ ਦੇ ਹੱਥ ਤੇ.ਗ ਫੜਾਊਂ ਮੈਂ...
ਨਾਜ਼ੁਕ ਚਿੜੀਆਂ ਖੂਨੀ ਬਾਜ਼ਾਂ ਨਾਲ ਲੜਾਊਂ ਮੈਂ...
ਬਣਜੂਗਾ ਲਲਕਾਰਾ ਮਜ਼ਲੂਮਾਂ ਦੀਆਂ ਲੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ...

ਜੂਝਦਿਆਂ ਜੰਗ ਨਿਸ਼ਚੇ ਕਰਕੇ ਆਪਣੀ ਜੀਤ ਕਰੂੰ...
ਬਰਫ਼ਾਂ ਦੇ ਸੀਨਿਆਂ ਵਿਚ ਅੱਗ ਦੇ ਭਾਂਬੜ ਬਾਲ ਦਊਂ...
ਬੱਦਲ ਬਰੂਦ ਬਣਾਦੂੰ ਪਾਰਸ ਰੂੰਅ ਦੇ ਢੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾ.ਗੀ ਬੱਬਰ ਸ਼ੇਰਾਂ ਦਾ...

# ਤੰਬੂ ਤੋਂ ਤੰਬੂ ਤੱਕ

**ਡਾ. ਕੁਲਦੀਪ ਕੌਰ**



ਪਹਿਲੇ ਤੰਬੂ ਵਿਚੋਂ ਮੋਦੀ (ਗੁਰੂ) ਨਾਨਕ ਪੂਰਨ ਤੌਰ 'ਤੇ ਪਰਿਵਰਤਿਤ ਰੂਪ ਵਿਚੋਂ ਗੁਰ ਪਰਮੇਸ਼ਰ ਹੋ ਬਾਹਰ ਨਿਕਲਿਆ ਸੀ। ਦੂਸਰੇ ਤੰਬੂ ਵਿਚੋਂ ਸੀਸ ਭੇਟ ਕਰਨ ਵਾਲੇ ਸਿੱਖ 'ਖ਼ਾਲਸਾ' ਬਣ ਗੁਰੂ ਰੂਪ ਵਿਚ ਬਾਹਰ ਆਏ। ਖੰਡੇ ਦੀ ਪਾਹੁਲ ਦੇ ਨਾਲ ਨਾਮ ਦੀ ਦ੍ਰਿੜ੍ਹਤਾ ਨੇ ਸਿੱਖ ਦੀ ਪਦਵੀ ਉਚੀ ਕਰ ਦਿੱਤੀ। ਗੁਰੂ ਤੇ ਸਿੱਖ ਦੀ ਪਛਾਣ ਮਿਟ ਗਈ, ਕੋਈ ਅੰਤਰ ਨਾ ਰਿਹਾ। ਮੈਕਾਲਿਫ਼ ਲਿਖਦਾ ਹੈ ਕਿ, ਜਦੋਂ ਪੰਜ ਸਿੰਘ ਆਪਣੇ ਗੁਰੂ ਦੇ ਨਾਲ ਤੰਬੂ ਵਿਚੋਂ ਬਾਹਰ ਆਏ ਤਾਂ ਉਹ ਸਾਰੇ ਇਕ ਰੂਪ ਹੀ ਦਿਸਦੇ ਸਨ, ਪਛਾਣ ਨਹੀਂ ਸੀ ਹੋ ਸਕਦੀ ਕਿ ਗੁਰੂ ਕੌਣ ਹੈ ਅਤੇ ਸਿੱਖ ਕੌਣ। 'ਗੁਰੂ ਸਿੱਖ' ਅਤੇ 'ਸਿੱਖ ਗੁਰੂ' ਪ੍ਰਤੱਖ ਸਾਹਮਣੇ ਸਨ।

ਮੱਝੀਆਂ ਦਾ ਛੇੜੂ ਬਾਬਾ ਨਾਨਕ, ਸੱਚਾ ਸੌਦਾ ਕਰਨ ਵਾਲਾ ਵਪਾਰੀ। ਪਾਂਧੀਆਂ ਤੇ ਮੌਲਵੀਆਂ ਨੂੰ ਸੱਚ ਦੀਆਂ ਪੱਟੀਆਂ ਲਿਖ ਕੇ ਵਿਖਾਉਣ ਵਾਲਾ ਵਿਦਿਆਰਥੀ- ਉਸਤਾਦ, ਮੋਦੀਖ਼ਾਨੇ ਦਾ ਮੋਢੀ ਨਾਨਕ 'ਤੇਰਾ-ਤੇਰਾ' ਦੀ ਧੁਨੀ ਲਾਉਂਦਾ, ਰਸਲੀਨ ਹੋ ਪਰਮੇਸ਼ਰ ਦੀ ਅਦ੍ਰਿਸ਼ਟ ਸੱਤਾ ਦਾ ਖਿੱਚਿਆ ਜਾ ਵੜਿਆ ਵੇਈਂ ਨਦੀ ਵਿਚ, ਪਾਣੀ ਦੇ ਤੰਬੂ ਵਿਚ। ਲੋਕਾਂ ਭਾਣੇ ਮੋਦੀ (ਗੁਰੂ) ਨਾਨਕ ਇਸ਼ਨਾਨ ਕਰਨ ਲਈ ਵੇਈਂ ਵਿਚ ਉਤਰਿਆ। ਕੌਣ ਜਾਣੇ ਇਹ ਇਸ਼ਨਾਨ ਕਿਹੋ ਜਿਹਾ ਸੀ? ਇਹ ਤਾਂ ਸਮੇਂ ਦੀ ਸੀਮਾ ਤੋਂ ਮੁਕਤ ਦਰਸ਼ਨ ਇਸ਼ਨਾਨ ਸੀ। ਇਹ ਇਸ਼ਨਾਨ ਤਨ ਦੀ ਮੈਲ ਉਤਾਰਨ ਵਾਲਾ ਇਸ਼ਨਾਨ ਨਹੀਂ ਸੀ। ਇਹ ਤਾਂ ਸੰਸਾਰ ਦੀ ਮੈਲ ਹਰਨ ਲਈ ਆਗਿਆ ਅਤੇ ਬਖ਼ਸ਼ਿਸ਼ ਪ੍ਰਾਪਤ ਕਰਨ ਵਾਲਾ ਇਸ਼ਨਾਨ ਸੀ। ਕਾਫ਼ੀ ਸਮਾਂ ਬੀਤਣ 'ਤੇ ਵੀ ਮੋਦੀ (ਗੁਰੂ) ਨਾਨਕ ਬਾਹਰ ਨਾ ਆਇਆ। ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਕਿੱਥੇ ਕੀ ਹੋ ਰਿਹਾ ਹੈ? ਸਭ ਕਿਆਸ ਅਰਾਈਆਂ, ਆਪਣੀ-ਆਪਣੀ ਮਤ ਅਨੁਸਾਰ ਕਈ ਤਰ੍ਹਾਂ ਦੇ ਅਨੁਮਾਨ ਲਗਾਈ ਜਾਣ, ਤਿੰਨ ਦਿਨਾਂ ਮਗਰੋਂ ਬਾਬਾ ਵੇਈਂ ਵਿਚੋਂ ਬਾਹਰ ਨਿਕਲਿਆ। ਵੇਈਂ ਦੀ ਪੂਰੀ ਛਾਣ-ਬੀਣ ਪਿਛੋਂ ਨਿਰਾਸ਼ ਹੋਏ ਲੋਕਾਂ ਨੂੰ ਮੋਦੀ (ਗੁਰੂ) ਨਾਨਕ ਦੇ ਅਚਨਚੇਤ ਦਰਸ਼ਨ ਹੋਏ। ਬਾਬਾ ਆਇਆ ਪਰਮੇਸ਼ਰ ਦਾ ਰੂਪ ਹੋ, ਪਰਮੇਸ਼ਰ ਦਾ ਸੰਦੇਸ਼ ਲੈ, ਸਤਿਨਾਮ ਦਾ ਜਾਪ ਕਰਾਉਣ। ਪਾਰਬ੍ਰਹਮ ਪਰਮੇਸ਼ਰ ਨਾਲ ਇਕ-ਰੂਪਤਾ ਬਖ਼ਸ਼ਿਸ਼ ਨਾਲ ਗੁਰ ਪਰਮੇਸ਼ਰ ਦਾ ਪਦ ਪ੍ਰਾਪਤ, ਸੰਸਾਰ ਉਧਾਰਨ ਹਿੱਤ ਸਤਿਨਾਮ ਦਾ ਜਾਪ ਕਰਾਉਣ ਦਾ ਹੁਕਮ ਪਾਰਬ੍ਰਹਮ ਦਾ ਵਿਲੱਖਣ ਸਿੱਖ ਗੁਰੂ ਨਾਨਕ, ਵਿਲੱਖਣ ਵਿਧੀ ਨਾਲ ਸੱਚਖੰਡ ਪਹੁੰਚਾਇਆ, ਬਖ਼ਸ਼ਿਸ਼ ਦਾ ਵਿਲੱਖਣ ਸਰੂਪ, ਸਿੱਖੀ ਤੋਂ ਵਿਲੱਖਣ ਗੁਰੂ ਪਦ ਦੀ ਪ੍ਰਾਪਤੀ। ਅਸੀਸ ਮਿਲੀ :-

**''ਨਾਨਕ, ਜਿਸ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ,**
**ਜਿਸ ਉਪਰਿ ਤੇਰਾ ਕਰਮ, ਤਿਸੁ ਉਪਰਿ ਮੇਰਾ ਕਰਮ।**
**ਮੇਰਾ ਨਾਉ ਪਾਰਬ੍ਰਹਮ ਪਰਮੇਸ਼ਰ, ਤੇਰਾ ਨਾਉ ਗੁਰ ਪਰਮੇਸ਼ਰ।**
**(ਪੁਰਾਤਨ ਜਨਮ ਸਾਖ਼ੀ)**

ਸੱਚੇ ਦੀ ਸੱਚੀ ਦਰਗਾਹ ਵਿਚੋਂ ਬਖ਼ਸ਼ਿਸ਼ ਭਰਿਆ ਫ਼ੁਰਮਾਨ ਲੈ ਸੱਚੇ ਨਾਮ ਦਾ ਪਿਆਲਾ ਪੀ, ਨਾਮ ਨਾਲ ਝੋਲੀਆਂ ਭਰ, ਸੱਚੇ ਸ਼ਬਦ ਦੇ ਸਨਮੁਖ ਆਪਣੀ 'ਸੁਰਤਿ ਧੁਨਿ' ਨੂੰ ਚੇਲਾ ਬਣਾ, ਪਾਰਬ੍ਰਹਮ ਪਰਮੇਸ਼ਰ ਦੇ ਸ਼ਬਦ ਸਰੂਪ ਨਾਲ ਅਭੇਦ ਤੋਂ ਬਾਹਰ ਨਿਕਲਿਆ ਬਾਬਾ ਨਾਨਕ। ਸਭ ਨੂੰ ਅਚੰਭੇ ਵਿਚ ਪਾ ਦਿੱਤਾ। ਹੁਣ ਗੁਰੂ ਨਾਨਕ ਜੀ ਸੁਲਤਾਨਪੁਰ ਦੇ ਨਵਾਬ ਦਾ ਮੋਦੀ ਨਹੀਂ ਸੀ। ਸੱਚੀ ਦਰਗਾਹ ਦੇ ਖ਼ਜ਼ਾਨੇ ਦਾ ਮੋਦੀ ਬਣ ਆਇਆ ਸੀ। ਸੰਸਾਰ ਦੇ ਪਦਾਰਥ ਤੋਲ-ਤੋਲ ਕੇ, ਗਿਣ-ਗਿਣ ਕੇ ਵੇਚਣ ਲਈ ਨਹੀਂ। ਨਾਮ ਦੀਆਂ ਅਨਮੁੱਲੀਆਂ, ਅਣਗਿਣਤੀਆਂ ਦਾਤਾਂ ਦਾ ਖੁੱਲ੍ਹਾ ਲੰਗਰ ਲਗਾਉਣ ਲਈ। 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਇਨਕਲਾਬੀ ਨਾਅਰਾ ਲਗਾ ਕੇ, ਮਨੁੱਖਤਾ ਨੂੰ ਇਕ ਲੜੀ ਵਿਚ ਪਰੋ, ਧਰਤ ਲੁਕਾਈ ਨੂੰ ਸੋਧਣ ਲਈ ਚੜ੍ਹ ਪਿਆ ਲੰਮੇ ਰਾਹੀਂ ਅਤੇ ਜਗਤ ਉਧਾਰਨ ਹਿਤ ਸਤਿਨਾਮ ਦਾ ਚੱਕਰ ਚਲਾਉਣਾ ਆਰੰਭਿਆ। ਭਾਈ ਗੁਰਦਾਸ ਜੀ ਲਿਖਦੇ ਹਨ :-

**ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਦੇ ਫਿਰਿ ਘਾਲਿ ਕਮਾਈ।**
**ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।**
**ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।**
**ਬਾਬਾ ਪੈਧਾ ਸਚਿਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।**
**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।**

**ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ॥੨੪॥**
**(ਵਾਰ ਪਹਿਲੀ, ਪਉੜੀ ੨੪)**

ਵੇਈਂ ਵਿਚੋਂ ਸਿਰ 'ਤੇ ਖੱਫ਼ਣ ਬੰਨ੍ਹ ਕੇ ਸੱਚ ਦਾ ਢੰਡੋਰਾ ਦੇਣ ਲਈ ਬਾਹਰ ਆਇਆ ਬਾਬਾ ਨਾਨਕ ਪਾਰਬ੍ਰਹਮ ਦੇ ਨਾਮ ਨੂੰ ਜੀਵਨ ਆਧਾਰ ਬਣਾ ਕੇ, ਸੁਰਤਿ ਧੁਨਿ ਚੇਲਾ ਬਣਾਉਣ ਦੀ ਸੋਝੀ ਬਖ਼ਸ਼ਣ ਲੱਗਾ। 'ਸੱਚ ਕੀ ਬੇਲਾ' ਸੱਚ ਸੁਨਾਉਣ ਵਾਲੇ ਨੂੰ ਸਿਰ 'ਤੇ ਖੱਫ਼ਣ ਬੰਨ੍ਹਣਾ ਹੀ ਪੈਂਦਾ ਹੈ। 'ਖੰਨਿਅਹੁ ਤਿਖੀ' ਤੇ 'ਵਾਲਹੁ ਨਿਕੀ' ਸਿੱਖੀ ਦਾ ਮੁੱਢ ਬੰਨ੍ਹਣ ਲਈ ਅਤੇ ਪ੍ਰਭੂ ਪ੍ਰੇਮ ਦੀ ਬਿਖਰ ਕਾਰ ਪੂਰਤੀ ਲਈ ਸਿਰ ਤਲੀ 'ਤੇ ਰੱਖਣਾ ਜ਼ਰੂਰੀ ਸੀ। ਗੁਰ ਪਰਮੇਸ਼ਰ ਨੇ ਨਵੇਂ ਧਰਮ ਦਾ ਹੀ ਮੁੱਢ ਨਹੀਂ ਸੀ ਬੰਨ੍ਹਿਆ ਸਗੋਂ ਇਕ ਸਿਰਲੱਥ ਕੌਮ ਦੀ ਸਿਰਜਣਾ ਆਰੰਭ ਕੀਤੀ ਸੀ ਜਿਸ ਕੌਮ ਦੇ ਯੋਧਿਆਂ ਨੇ 'ਖੰਡੇ ਧਾਰ ਗਲੀ ਅਤਿ ਭੀੜੀ' ਵਿਚੋਂ ਲੰਘਣਾ ਆਰੰਭਿਆ। ਕੌਮ ਦੀ ਆਰੰਭਤਾ ਅਤਿਅੰਤ ਵਿਸਮਾਦ ਜਨਕ ਸੀ। ਆਰੰਭ ਵਿਚੋਂ ਸਿਖ਼ਰ ਝਲਕਾਂ ਮਾਰਦਾ ਸੀ। ਆਰੰਭ ਤੋਂ ਹੀ ਸਿੱਖੀ ਮਰਜੀਵੜਿਆਂ ਦੀ ਕੌਮ ਦੇ ਰੂਪ ਵਿਚ ਪ੍ਰਗਟ ਹੋ ਰਹੀ ਸੀ।

ਪਰਮ ਸ਼ਕਤੀਵਾਨ ਪਾਰਬ੍ਰਹਮ ਪਰਮੇਸ਼ਰ ਕੋਲੋਂ ਆਈ ਸਿੱਖੀ ਜਿਥੇ ਸ਼ਾਂਤ ਸਰੂਪ ਸਮਾਧੀ ਦੀ ਅਵਸਥਾ ਵਿਚ ਪ੍ਰਭੂ ਮੇਲ ਦਾ ਅਨੰਦ ਮਾਣਦੀ ਸੀ ਉਥੇ ਸੰਸਾਰ ਦੀਆਂ ਜ਼ਾਲਮ ਤੇ ਅਨਿਆਈ ਸ਼ਕਤੀਆਂ ਨਾਲ ਟੱਕਰ ਵੀ ਲੈਂਦੀ ਰਹੀ। ਗੁਰਮਤਿ ਗਾਡੀ ਰਾਹ ਦੀਆਂ ਪੈੜਾਂ ਪਾਉਂਦੀ ਹੋਈ ਸਿੱਖੀ ਨੇ ਬਾਬਰ ਜਾਬਰ ਦਾ ਸ਼ਾਂਤਮਈ ਵਿਰੋਧ ਕਰਦਿਆਂ ਜੇਲ੍ਹ ਵਿਚ ਚੱਕੀਆਂ ਪੀਸੀਆਂ। ਹਮਾਯੂੰ ਦੀ ਉਲਰੀ ਤਲਵਾਰ ਸਾਹਮਣੇ ਗੁਰਸਿੱਖੀ ਦੇ ਸ਼ਾਂਤ ਮੁੱਖ ਵਿਚੋਂ ਨਿਕਲੇ ਬੋਲਾਂ ਨੇ ਤਲਵਾਰ ਦੀ ਧਾਰ ਖੁੰਡੀ ਕਰ ਦਿੱਤੀ। ਗੁਰਸਿੱਖੀ ਦੇ ਪ੍ਰਭਾਵ ਹੇਠ ਅਕਬਰ ਜਿਹਾ ਬਾਦਸ਼ਾਹ ਨਿਮਾਣਾ-ਨਿਤਾਣਾ ਹੋ ਪੰਗਤ ਵਿਚ ਬੈਠ ਕੇ ਲੰਗਰ ਛਕਣ ਲਈ ਤਿਆਰ ਹੋਇਆ। ਜਹਾਂਗੀਰ ਜਿਹੇ ਜ਼ਾਲਮ ਨੇ ਤੱਤੀਆਂ ਤਵੀਆਂ, ਸੜਦੀਆਂ ਰੇਤਾਂ ਅਤੇ ਉਬਲਦੀਆਂ ਦੇਗ਼ਾਂ ਰਾਹੀਂ ਗੁਰਸਿੱਖੀ ਦੀ ਪ੍ਰੀਖਿਆ ਲਈ, ਜਿਸ ਵਿਚੋਂ ਸਿੱਖੀ ਕੁੰਦਨ ਵਾਂਗ ਨਿਖਰ ਕੇ ਸਾਹਮਣੇ ਆਈ। ਔਰੰਗਜ਼ੇਬ ਦੇ ਹੁਕਮ ਨਾਲ ਸਿੱਖੀ ਨੂੰ ਜਿਊਂਦੇ ਜੀਅ ਸਾੜਿਆ ਗਿਆ। ਆਰਿਆਂ ਨਾਲ ਚੀਰਿਆ ਗਿਆ, ਦੇਗ਼ਾਂ ਵਿਚ ਉਬਾਲਿਆ ਗਿਆ। ਪਰੰਤੂ ਪਾਰਬ੍ਰਹਮ ਪਰਮੇਸ਼ਰ ਦੇ ਸਤਿਨਾਮ ਵਿਚੋਂ ਉਪਜੀ ਸਿੱਖੀ ਨੂੰ ਮਾਰ ਮੁਕਾਉਣ ਦੀ ਸਮਰੱਥਾ ਕਿਸ ਵਿਚ ਹੋ ਸਕਦੀ ਹੈ? ਗੁਰ ਪਰਮੇਸ਼ਰ ਦੀ ਸਿੱਖੀ ਵਿਚ ਹੋਰ ਹੀ ਹੋਰ ਨਿਖ਼ਾਰ ਆਉਂਦਾ ਗਿਆ। ਇਸ ਵਿਚੋਂ ਮੀਰੀ-ਪੀਰੀ ਦੀਆਂ ਤਲਵਾਰਾਂ ਦੀ ਸਿਰਜਣਾ ਹੋਈ, ਕਿਲ੍ਹੇ ਉਸਾਰੇ ਗਏ, ਸਿੱਖੀ ਦਾ ਤਿਆਗ਼ ਤੇਗ਼ ਦੀ ਬਹਾਦਰੀ ਵਿਚ ਪ੍ਰਗਟ ਹੋਇਆ। ਸਿੱਖੀ ਦੇ ਗੁਰੂ ਬਣੇ ਬਾਲ ਸਰੂਪ ਦੇ ਦਰ ਤੇ ਸ਼ਹਿਨਸ਼ਾਹਿ ਆਲਮਗ਼ੀਰ ਅਖਵਾਉਣ ਵਾਲਾ ਆਪ ਭਿਖਾਰੀ ਬਣ ਕੇ ਖੜਾ ਰਿਹਾ ਪਰ ਗੁਰੂ ਤੇ ਗੁਰੂ ਦੀ ਸਿੱਖੀ ਨੂੰ ਝੁਕਾ ਨਾ ਸਕਿਆ।

ਗੁਰ ਪਰਮੇਸ਼ਰ ਕੋਲ ਆਈ ਨਾਨਕ ਜੋਤ ਨੇ ਲੋਕਾਈ ਦੀਆਂ ਅੱਖਾਂ ਤੋਂ ਅਗਿਆਨ ਦਾ ਜਾਲਾ ਲਾਹ ਕੇ, ਗਿਆਨ ਦਾ ਪ੍ਰਕਾਸ਼ ਫ਼ੈਲਾਉਣ ਲਈ ਦਸ ਜਾਮੇ ਧਾਰਨ ਕੀਤੇ। ਨਿਮਾਣੇ-ਨਿਤਾਣੇ ਹੋ ਸੇਵਾ ਕਰਨ ਦੀ ਜੁਗਤਿ ਸਿਖਾਈ। ਬਿਨਾ ਹੀਲ ਹੁੱਜਤ ਆਪਾ ਸਮਰਪਣ ਕਰਕੇ 'ਹੁਕਮਿ ਮੰਨਿਐ ਹੋਵੈ ਪਰਵਾਣੁ' ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ। ਸਿੱਖੀ ਦਾ ਮਾਰਗ ਗੁਰੂ ਸਿੱਖ, ਸਿੱਖ ਗੁਰੂ ਹੈ ਦਾ ਅਨੋਖਾ ਮਾਰਗ ਸੰਸਾਰ ਲਈ ਚਾਨਣ ਮੁਨਾਰਾ ਬਣਿਆ। ਆਦਰਸ਼ਾਂ ਦੀ ਸਾਕਾਰਤਾ ਮਾਨਤਾ ਤੋਂ ਪਿਛੋਂ ਲੋੜ ਸੀ ਸਿੱਖ ਨੂੰ ਸਾਕਾਰ ਰੂਪ ਦੇ ਕੇ ਸਿੱਖੀ ਦੇ ਕੌਮੀ ਮਹੱਲ ਦੀ ਸਿਰਜਣਾ ਕਰਨੀ। ਜਥੇਬੰਦੀ ਦੇ ਰੂਪ ਵਿਚ ਸਿੱਖੀ ਦਾ ਪ੍ਰਕਾਸ਼ ਕਰਨਾ, ਤਾਂ ਜੋ ਆਦਰਸ਼ਾਂ ਲਈ ਮਰ ਮਿਟਣ ਦੀ ਤਮੰਨਾ ਨੂੰ ਜਥੇਬੰਦਕ ਰੂਪ ਵਿਚ ਪੂਰਾ ਕੀਤਾ ਜਾ ਸਕੇ। ਸੇਵਾ, ਸਤਿਸੰਗ, ਸਿਮਰਨ ਦੇ ਨਾਲ ਯੁੱਧ ਦਾ ਵੀ ਜਥੇਬੰਦਕ ਸਰੂਪ ਪਾਣੀ ਦੇ ਤੰਬੂ ਵਿਚੋਂ ਪ੍ਰਕਾਸ਼ਿਤ ਹੋਈ ਗੁਰੂ ਜੋਤਿ ਅਤੇ ਗੁਰੂ ਸਿੱਖੀ ਅਨੇਕਾਂ ਰੰਗਾਂ ਰੂਪਾਂ ਵਿਚੋਂ ਹੁੰਦੀ ਹੋਈ ਅਜਿਹੇ ਪੜਾਅ 'ਤੇ ਪਹੁੰਚੀ ਜਿਥੇ ਸਿੱਖੀ ਨੂੰ ਕੌਮ ਦੇ ਰੂਪ ਵਿਚ ਜਥੇਬੰਦ ਕੀਤਾ ਜਾਣਾ ਸੀ। ਗੁਰੂ ਨਾਨਕ ਜੋਤ ਨੇ ਦਸ ਜਾਮਿਆਂ ਵਿਚ ਹੀ ਪ੍ਰਵੇਸ਼ ਕਰਨਾ ਸੀ, ਸੋ ਦਸਵੇਂ ਜਾਮੇ ਪਿੱਛੋਂ ਸਿੱਖੀ ਅਤੇ ਗੁਰਿਆਈ ਦੋਹਾਂ ਨੂੰ ਜਥੇਬੰਦਕ ਰੂਪ ਦੇਣ ਲਈ ਕਿਸੇ ਅਸਚਰਜ ਕੌਤਕ ਦੀ ਲੋੜ ਸੀ। ਸ਼ਹੀਦ ਗੁਰੂਆਂ ਅਤੇ ਸ਼ਹੀਦ ਸਿੱਖਾਂ ਦੇ ਲਹੂ ਨਾਲ ਉਸਾਰੇ ਮਹਲ ਨੂੰ ਅੰਤਿਮ ਛੋਹਾਂ ਦੇਣ ਲਈ "ਖੰਡੇ ਧਾਰ ਗਲੀ ਅਤਿ ਭੀੜੀ" ਵਿਚੋਂ ਲੰਘਣ ਵਾਲੇ ਸੂਰਮਿਆਂ ਦੀ ਲੋੜ ਸੀ। ਲੋੜ ਸੀ ਉਨ੍ਹਾਂ ਦੀ ਜੋ ਸਹੀ ਅਰਥਾਂ ਵਿਚ ਸੂਰਮੇ ਸਿੱਧ ਹੋਣ।

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥੨॥**
**(ਸਲੋਕ ਕਬੀਰ ਜੀ, ਅੰਗ :੧੧੦੫)**

ਪਰ ਨਿਰੇ ਯੋਧੇ ਨਹੀਂ ਸਨ ਚਾਹੀਦੇ। ਲੜਾਕੂ ਪ੍ਰਵਿਰਤੀ ਤਾਂ ਜ਼ੁਲਮ ਵੱਲ ਧਕੇਲ ਦਿੰਦੀ ਹੈ। ਸੂਰਮੇ ਦੀ ਪਰਖ ਲਈ ਤਾਂ ਗੁਰੂ ਹੁਕਮ ਹੈ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥**
**(ਧਨਾਸਰੀ ਮ. ੫, ਅੰਗ : ੬੭੯-੮੦)**

ਹਰਿ ਰੰਗ ਵਿਚ ਰੰਗਿਆ ਸਿੱਖ ਇਹ ਅਰਦਾਸ ਕਰਦਾ ਹੈ :

**ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ॥**
**ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥੨੩੧॥**
(ਦਸਮ ਗ੍ਰੰਥ)

ਇਨ੍ਹਾਂ ਗੁਣਾਂ ਵਾਲੇ ਸਿੱਖਾਂ ਨੂੰ ਕੌਮ ਦੇ ਰੂਪ ਵਿਚ ਜਥੇਬੰਦ ਕਰਨ ਲਈ ਅਲੌਕਿਕ ਚਮਤਕਾਰ ਵਿਖਾਇਆ ਦਸਮ ਪਿਤਾ ਨੇ ਜੋ ਦ੍ਵੈ ਤੇ ਏਕ ਰੂਪ ਹੋ ਜਾਣ ਪਿੱਛੋਂ 'ਪੰਥ ਪ੍ਰਚੁਰ ਕਰਬੇ ਕੋ ਸਾਜਾ' ਦਾ ਆਦਰਸ਼ ਪੂਰਾ ਕਰਨ ਲਈ ਅਕਾਲ ਪੁਰਖ ਦਾ ਵਿਸ਼ੇਸ਼ ਹੁਕਮ ਲੈ ਕੇ

ਪਰਮ ਸ਼ਕਤੀਵਾਨ ਪਾਰਬ੍ਰਹਮ ਪਰਮੇਸ਼ਰ ਕੋਲੋਂ ਆਈ ਸਿੱਖੀ ਜਿਥੇ ਸ਼ਾਂਤ ਸਰੂਪ ਸਮਾਧੀ ਦੀ ਅਵਸਥਾ ਵਿਚ ਪ੍ਰਭੂ ਮੇਲ ਦਾ ਅਨੰਦ ਮਾਣਦੀ ਸੀ ਉਥੇ ਸੰਸਾਰ ਦੀਆਂ ਜ਼ਾਲਮ ਤੇ ਅਨਿਆਈ ਸ਼ਕਤੀਆਂ ਨਾਲ ਟੱਕਰ ਵੀ ਲੈਂਦੀ ਰਹੀ। ਗੁਰਮਤਿ ਗਾਡੀ ਰਾਹ ਦੀਆਂ ਪੈੜਾਂ ਪਾਉਂਦੀ ਹੋਈ ਸਿੱਖੀ ਨੇ ਬਾਬਰ ਜਾਬਰ ਦਾ ਸ਼ਾਂਤਮਈ ਵਿਰੋਧ ਕਰਦਿਆਂ ਜੇਲ੍ਹ ਵਿਚ ਚੱਕੀਆਂ ਪੀਸੀਆਂ। ਹਮਾਯੂੰ ਦੀ ਉਲਰੀ ਤਲਵਾਰ ਸਾਹਮਣੇ ਗੁਰਸਿੱਖੀ ਦੇ ਸ਼ਾਂਤ ਮੁੱਖ ਵਿਚੋਂ ਨਿਕਲੇ ਬੋਲਾਂ ਨੇ ਤਲਵਾਰ ਦੀ ਧਾਰ ਖੁੰਡੀ ਕਰ ਦਿੱਤੀ।

ਸੰਸਾਰ ਵਿਚ ਪਧਾਰੇ ਸਨ।

ਉਚਿਤ ਸਮੇਂ ਫ਼ਿਰ ਤੰਬੂ ਦੀ ਸਥਾਪਨਾ ਹੋਈ। ਪਾਨੀ ਦੇ ਤੰਬੂ ਦੀ ਤਾਂ ਕਿਸੇ ਨੂੰ ਜਾਣਕਾਰੀ ਨਹੀਂ ਸੀ ਪਰ ਇਹ ਤੰਬੂ ਸਥੂਲ ਰੂਪ ਵਿਚ ਸਾਹਮਣੇ ਸੀ। ਪਹਿਲੇ ਤੰਬੂ ਵਿਚੋਂ ਮੋਦੀ (ਗੁਰੂ) ਨਾਨਕ ਪੂਰਨ ਤੌਰ 'ਤੇ ਪਰਿਵਰਤਿਤ ਰੂਪ ਵਿਚੋਂ ਗੁਰ ਪਰਮੇਸ਼ਰ ਹੋ ਬਾਹਰ ਨਿਕਲਿਆ ਸੀ। ਦੂਸਰੇ ਤੰਬੂ ਵਿਚੋਂ ਸੀਸ ਭੇਟ ਕਰਨ ਵਾਲੇ ਸਿੱਖ 'ਖ਼ਾਲਸਾ' ਬਣ ਗੁਰੂ ਰੂਪ ਵਿਚ ਬਾਹਰ ਆਏ।

ਖੰਡੇ ਦੀ ਪਾਹੁਲ ਦੇ ਨਾਲ ਨਾਮ ਦੀ ਦ੍ਰਿੜ੍ਹਤਾ ਨੇ ਸਿੱਖ ਦੀ ਪਦਵੀ ਉਚੀ ਕਰ ਦਿੱਤੀ। ਗੁਰੂ ਤੇ ਸਿੱਖ ਦੀ ਪਛਾਣ ਮਿਟ ਗਈ, ਕੋਈ ਅੰਤਰ ਨਾ ਰਿਹਾ। ਮੈਕਾਲਿਫ਼ ਲਿਖਦਾ ਹੈ ਕਿ, ਜਦੋਂ ਪੰਜ ਸਿੰਘ ਆਪਣੇ ਗੁਰੂ ਦੇ ਨਾਲ ਤੰਬੂ ਵਿਚੋਂ ਬਾਹਰ ਆਏ ਤਾਂ ਉਹ ਸਾਰੇ ਇਕ ਰੂਪ ਹੀ ਦਿਸਦੇ ਸਨ, ਪਛਾਣ ਨਹੀਂ ਸੀ ਹੋ ਸਕਦੀ ਕਿ ਗੁਰੂ ਕੌਣ ਹੈ ਅਤੇ ਸਿੱਖ ਕੌਣ। 'ਗੁਰੂ ਸਿੱਖ' ਅਤੇ 'ਸਿੱਖ ਗੁਰੂ' ਪ੍ਰਤੱਖ ਸਾਹਮਣੇ ਸਨ। ਨਵ ਜੀਵਨ ਦੇਣ ਵਾਲੇ ਗੁਰੂ ਨੇ ਆਪਣੇ ਸਿੱਖਾਂ ਕੋਲੋਂ ਆਪ ਅੰਮ੍ਰਿਤ ਛਕ ਕੇ ਇਸ ਸਿਧਾਂਤ ਉਪਰ ਮੋਹਰ ਲਗਾ ਦਿੱਤੀ।

ਗੁਰੂ ਜੋਤ, ਸੀਸ ਭੇਟ ਕਰਨ ਵਾਲੇ ਪੰਜ ਸਿੰਘਾਂ ਵਿਚ ਵਿਦਮਾਨ ਹੋ ਗਈ। ਭਵਿੱਖ ਵਿਚ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਆਪਾ ਸਮਰਪਿਤ, ਰਹਿਤ-ਬਹਿਤ ਵਿਚ ਪੂਰੇ ਅਤੇ ਕਥਨੀ ਤੇ ਕਰਨੀ ਦੇ ਸੂਰੇ ਪੰਜ ਸਿੰਘ 'ਗੁਰੂ' ਹੋ ਨਿਬੜੇ। ਸੀਸ ਭੇਟ ਕਰਨ ਉਪਰੰਤ ਖੰਡੇ ਦੀ ਪਾਹੁਲ ਛਕਣ ਵਾਲੇ ਖ਼ਾਲਸਾ ਅਖਵ ਾਏ ਅਤੇ

**ਖਾਲਸਾ ਅਕਾਲ ਪੁਰਖ ਕੀ ਫੌਜ॥**

**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥**

ਦਸਵੀਂ ਗੁਰੂ ਨਾਨਕ ਜੋਤ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਖ਼ਾਲਸਾ ਫ਼ੌਜ ਦੀ ਸਿਰਜਣਾ ਕੀਤੀ ਅਤੇ ਗੁਰੂ ਜੋਤਿ ਦਾ ਪ੍ਰਵੇਸ਼ ਪੰਥ ਖ਼ਾਲਸਾ ਅਤੇ ਗੁਰੂ ਗ੍ਰੰਥ ਵਿਚ ਕਰਾ, ਦਸਾਂ ਜਾਮਿਆਂ ਪਿਛੋਂ ਗੁਰੂ ਦੇ ਵਿਅਕਤੀ ਰੂਪ ਵਿਚ ਪੰਜ ਭੌਤਿਕ ਜਾਮੇ ਦੀ ਲੋੜ ਖ਼ਤਮ ਕਰ ਦਿੱਤੀ। ਇਸ ਤਰ੍ਹਾਂ ਗੁਰੂ ਜੀ ਦੇ ਸਾਜੇ ਕੁਰਬਾਨੀ ਦੇ ਤੰਬੂ ਵਿਚੋਂ ਖ਼ਾਲਸੇ ਦਾ ਜਨਮ ਹੋਇਆ ਕਬੀਰ ਜੀ ਨੇ ਵੀ ਗੁਰੂ ਸਮਰਪਿਤ ਮਨੁੱਖ ਲਈ 'ਖ਼ਾਲਸਾ' ਸ਼ਬਦ ਦੀ ਵਰਤੋਂ ਕੀਤੀ ਸੀ :

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥੪॥੩॥**

**(ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ, ਅੰਗ : ੬੫੫)**

ਖ਼ਾਲਸਾ ਉਹ ਹੈ ਜਿਸ ਦਾ ਸਿੱਧਾ ਸਬੰਧ ਪਾਰਬ੍ਰਹਮ ਪਰਮੇਸ਼ਰ ਨਾਲ ਜੁੜਿਆ ਹੋਵੇ ਅਤੇ ਕਿਸੇ ਵਿਚ ਵਿਚੋਲੇ ਦੀ ਲੋੜ ਨਾ ਰਹੇ। ਮੁਗ਼ਲਾਂ ਦੇ ਸਮੇਂ 'ਖ਼ਾਲਸਾ' ਉਸ ਜਾਗੀਰ ਨੂੰ ਆਖਿਆ ਜਾਂਦਾ ਸੀ, ਜੋ ਸਿੱਧੀ ਬਾਦਸ਼ਾਹ ਦੀ ਨਿਗਰਾਨੀ ਹੇਠ ਹੁੰਦੀ ਸੀ।

ਪਟਵਾਰੀ, ਦਰੋਗੇ, ਸੂਬੇਦਾਰ ਜਾਂ ਕਿਸੇ ਹੋਰ ਕਰਮਚਾਰੀ ਦੀ ਵਿਚੋਲਗੀ ਤੋਂ ਸੁਤੰਤਰ ਹੁੰਦੀ ਸੀ। ਪਰਮਾਤਮਾ ਦੀ ਮੌਜ ਨਾਲ ਪ੍ਰਗਟ ਹੋਈ ਖ਼ਾਲਸਾ ਫ਼ੌਜ ਨੂੰ ਭਲਾ ਕਿਸੇ ਵਿਚੋਲੇ ਦੀ ਲੋੜ ਕਿਉਂ ਹੋਵੇ? ਕਰਮ ਭੂਮੀ ਵਿਚ ਵਿਚਰਦਿਆਂ ਖ਼ਾਲਸੇ ਲਈ :

**ਪੋਥੀ ਪਰਮੇਸਰ ਕਾ ਥਾਨੁ॥ (ਸਾਰਗ ਮ. ੫, ਅੰਗ : ੧੨੨੬)**

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥...੫॥ ( ॥੮॥੪॥) (ਨਟ ਮ. ੪, ਅੰਗ : ੯੮੨)**

**ਗੁਰੁ ਪਰਮੇਸਰੁ ਏਕੋ ਜਾਣੁ॥...॥੧॥ ( ॥੪॥੬॥੮॥) (ਗੋਂਡ ਮ. ੫, ਅੰਗ : ੮੬੪)**

ਜੁਗੋ ਜੁਗ ਅਟੱਲ ਜਾਗਤ ਜੋਤਿ ਦੇ ਸਿਧਾਂਤ ਅਨੁਸਾਰ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖ਼ਾਲਸੇ ਦਾ ਸਿੱਧਾ ਸਬੰਧ ਵਾਹਿਗੁਰੂ ਨਾਲ ਹੈ, ਪਾਰਬ੍ਰਹਮ ਪਰਮੇਸ਼ਰ ਨਾਲ ਹੈ। ਖ਼ਾਲਸਾ ਹੈ ਹੀ ਵਾਹਿਗੁਰੂ ਦਾ, ਇਸ ਲਈ ਇਸ ਦਾ ਆਪਣਾ ਕੁਝ ਵੀ ਨਹੀਂ, ਸਭ ਕੁਝ ਵਾਹਿਗੁਰੂ ਦਾ ਹੀ ਹੈ, ਖ਼ਾਲਸਾ ਵੀ ਵਾਹਿਗੁਰੂ ਦਾ ਅਤੇ ਫ਼ਤਿਹ ਵੀ ਵਾਹਿਗੁਰੂ ਦੀ। ਖ਼ਾਲਸਾ ਕਿਧਰੇ ਵੀ ਹੋਵੇ, ਵਾਹਿਗੁਰੂ ਦਾ ਹੈ ਅਤੇ ਵਾਹਿਗੁਰੂ ਦੀ ਬਖ਼ਸ਼ੀ ਹੋਈ ਫ਼ਤਿਹ ਇਸ ਦੇ ਪਰਵਾਨ ਹੋਏ ਸੀਸ ਉਤੇ ਸੋਭਦੀ ਹੈ। ਹਾਰ ਨੂੰ ਇਸ ਨੇ ਕਦੇ ਚਿੱਤ ਵਿਚ ਨਹੀਂ ਲਿਆਂਦਾ ਅਤੇ ਇਹ ਕਦੇ ਭੁਲਾਇਆ ਨਹੀਂ :

**ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥੩੪॥ (ਦਸਮ ਗ੍ਰੰਥ)**

ਇਹ ਹੈ ਆਤਮ ਸਮਰਪਣ ਤੇ ਚੜ੍ਹਦੀ ਕਲਾ ਦਾ ਸਰੂਪ। ਮੈਦਾਨਿ ਜੰਗ ਵਿਚ ਵੈਰੀ ਦੇ ਵਾਰ ਨਾਲ ਸ਼ਹਾਦਤ ਦਾ ਜਾਮ ਪੀਣ ਸਮੇਂ ਵੀ ਉਸ ਦੀ ਰਸਨਾ ਉਚਾਰਣ ਕਰਦੀ ਹੈ :

**ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥**

ਅਜਿਹਾ ਹੋਵੇ ਵੀ ਕਿਉਂ ਨਾ! ਪਾਰਬ੍ਰਹਮ ਪਰਮੇਸ਼ਰ ਦੀ ਅਸੀਸ ਜੋ ਨਾਲ ਹੈ- ਨਾਨਕ! ਜਿਸ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ। ▪▪

# ਸਿੱਖ ਸੰਤ

*ਸੰਤ ਉਹੀ ਹੈ ਜਿਸਦੀ ਬ੍ਰਿਤੀ ਸਦਾ ਅੱਠ ਪਹਿਰੀ ਸਤਿਗੁਰਾਂ ਦੇ ਸੋਹਣੇ ਪ੍ਰਕਾਸ਼ ਮੰਡਲ ਵਿਚ ਰਹਿੰਦੀ ਹੈ। ਜੇਹੜੇ, ਅੱਖਾਂ ਖੁੱਲ੍ਹੀਆਂ ਹਨ ਪਰ ਤੱਕ ਨਹੀਂ ਰਹੇ। ਜੇਹੜੇ ਬੋਲਦੇ ਹੋਏ ਬੋਲ ਨਹੀਂ ਰਹੇ, ਉਨ੍ਹਾਂ ਵਿਚ ਆਪਾ ਨਹੀਂ। ਹਾਂ ਜੀ! ਗੁਰਮੁਖ ਸੰਤ ਉਹ ਬਲਦੀਆਂ ਲਾਟਾਂ ਹਨ, ਜਿਹੜੀਆਂ ਸਤਿਗੁਰੂ ਨੇ ਆਪਣੇ ਹੱਥੀਂ ਫੜੀਆਂ ਹੋਈਆਂ ਹਨ ਜਦ ਉਨ੍ਹਾਂ ਦੀ ਮਰਜ਼ੀ ਹੁੰਦੀ ਹੈ ਤਦ ਕਿਸੇ ਦੇ ਦਿਲ ਦੇ ਮੀਨਾਰੇ ਉਪਰ ਵਸ ਜਾਂਦੀਆਂ ਹਨ। ਹਾਂ ਜੀ, ਸੰਤ ਉਹ ਹਨ ਜਿਨ੍ਹਾਂ ਤੋਂ ਜੇ ਕੋਈ ਅੱਗ ਦੀ ਨਿੱਕੀ ਜਿਹੀ ਚਿਣਗ ਹੀ ਮੰਗ ਲਏ, ਤਦ ਉਸ ਦਾ ਸਾਰਾ ਘਰ ਅੰਦਰ-ਬਾਹਰ ਅਬਚਲੀ ਜੋਤ ਨਾਲ ਜਗਮਗਾ ਉਠੇ, ਹਨੇਰਾ ਨਾ ਰਹੇ ਅਤੇ ਜੀਵਨ ਲਗਾਤਾਰ ਅਖੁਟ ਤੇਲ ਵਾਲੀ ਜਗਦੀ ਬੱਤੀ ਸਮਾਨ ਹੋ ਜਾਵੇ।*

*ਸੰਤ ਉਹ ਇਲਾਹੀ ਲੋਕ ਹਨ, ਜਿਨ੍ਹਾਂ ਦੇ ਸਾਬਤ ਬੁੱਤ ਦੇ ਅਨੇਕਾਂ ਡੱਕਰੇ ਹੋ ਸਕਦੇ ਹਨ ਤੇ ਇਕ-ਇਕ ਡੱਕਰਾ ਵੈਸਾ ਹੀ ਜਿਉਂਦਾ ਹੈ ਜੈਸੇ ਡੱਕਰੇ ਹੋਣ ਵਾਲਾ ਬੁੱਤ ਜਿਉਂਦਾ ਸੀ। ਹਾਂ ਜੀ! ਇਕ ਝਲਕਾਰੇ ਵਿਚ ਸੰਤਾਂ ਦੀ ਨਦਰ ਲੱਖਾਂ ਰੂਹਾਂ ਦੀ ਸੁਰਤ ਨੂੰ ਮਦਦ ਦੇ ਸਕਦੀ ਹੈ। ਇਹ ਨਿਰੇ ਪੁਰੇ ਮਨੁੱਖ ਨਹੀਂ ਹੋਂਵਦੇ, ਸਕਲ ਸੂਰਤ ਕੇਵਲ ਮਨੁੱਖਾਂ ਵਾਲੀ ਹੁੰਦੀ ਹੈ। ਪਰ ਇਨ੍ਹਾਂ ਵਿਚ ਮਨੁੱਖਾਂ ਵਰਗਾ ਕੁਝ ਵੀ ਨਹੀਂ ਹੋਂਵਦਾ। ਕੇਵਲ ਰੱਬੀ ਜੀਵਨ ਠਾਠਾਂ ਮਾਰਦਾ ਹੈ।* **-ਪ੍ਰੋ. ਪੂਰਨ ਸਿੰਘ ਜੀ**

# ਗੁਰੂ ਪਰੰਪਰਾ ਦੀ ਸਿਖਰ ਦਾ ਪ੍ਰਗਟਾਅ

ਡਾ. ਜਸਪਾਲ ਸਿੰਘ



ਗੁਰੂ ਨਾਨਕ ਪਾਤਿਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਨਿਰੰਤਰਤਾ ਨਾਲ ਖ਼ਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਨੂੰ ਹੀ ਜਥੇਬੰਦਕ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਨੀਆ ਦੇ ਸਾਹਮਣੇ ਪ੍ਰਗਟ ਕੀਤਾ ਸੀ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ੧੬੯੯ ਈ: ਦੇ ਵਿਸਾਖੀ ਵਾਲੇ ਦਿਨ ਇਕ ਅਜਿਹੀ ਮਹਾਨ ਘਟਨਾ ਵਾਪਰੀ ਸੀ, ਜਿਸ ਨੇ ਸਦੀਆਂ ਤੋਂ ਵਹਿਣ ਵਿਚ ਵਹਿ ਰਹੇ ਭਾਰਤੀ ਇਤਿਹਾਸ ਦਾ ਰੁਖ਼ ਮੋੜ ਦਿੱਤਾ ਸੀ। ਇਤਿਹਾਸ ਦੇ ਪੰਨਿਆਂ ਵਿਚ ਇਸ ਦਿਨ 'ਤੇ ਪਹਿਲਾਂ ਦੇ ਭਾਰਤ ਅਤੇ ਬਾਅਦ ਦੇ ਭਾਰਤ ਵਿਚ ਜ਼ਮੀਨ-ਅਸਮਾਨ ਦਾ ਅੰਤਰ ਸਪੱਸ਼ਟ ਨਜ਼ਰ ਆਉਂਦਾ ਹੈ। ਇਸ ਇਤਿਹਾਸਕ ਘਟਨਾ ਬਾਰੇ ਇਥੇ ਕੁਝ ਉਚੇਚੇ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲੀ ਗੱਲ ਜਿਹੜੀ ਮੇਰੇ ਜ਼ਿਹਨ ਵਿਚ ਆਉਂਦੀ ਹੈ, ਉਹ ਇਹ ਹੈ ਕਿ ਜੋ ਕੁਝ ਸ੍ਰੀ ਅਨੰਦਪੁਰ ਸਾਹਿਬ ਵਿਚ ਉਸ ਦਿਨ ਵਾਪਰਿਆ ਸੀ, ਉਸ ਦੇ ਪਿਛੋਕੜ ਵਿਚ ਸਮੁੱਚੀ ਗੁਰੂ-ਪਰੰਪਰਾ ਖੜ੍ਹੀ ਸੀ। ਗੁਰੂ ਨਾਨਕ ਪਾਤਿਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਨਿਰੰਤਰਤਾ ਨਾਲ ਖ਼ਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਨੂੰ ਹੀ ਜਥੇਬੰਦਕ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਨੀਆ ਦੇ ਸਾਹਮਣੇ ਪ੍ਰਗਟ ਕੀਤਾ ਸੀ।

ਦੋ ਗਵਾਹੀਆਂ ਕਾਫ਼ੀ ਹਨ ਇਸ ਤੱਥ ਦੀ ਪ੍ਰੋੜ੍ਹਤਾ ਕਰਨ ਲਈ। ਪਹਿਲੀ ਗੱਲ ਕਿ ਕੋਨੇ-ਕੋਨੇ ਤੋਂ ਚਲ ਕੇ ਆਏ, ਤਕਰੀਬਨ ੮੦ ਹਜ਼ਾਰ ਬੰਦਿਆਂ ਦਾ ਇਸ ਮੌਕੇ 'ਤੇ ਅਨੰਦਪੁਰ ਸਾਹਿਬ ਪਹੁੰਚਣਾ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਤੋਂ ਬਾਅਦ ਸਮੁੱਚੀ ਗੁਰੂ ਪਰੰਪਰਾ ਦੇ ਯਤਨਾਂ ਦੁਆਰਾ ਸਿੱਖੀ ਦਾ ਪ੍ਰਸਾਰ ਪੂਰੇ ਹਿੰਦੁਸਤਾਨ ਵਿਚ ਹੋ ਚੁੱਕਾ ਸੀ। ਕੋਈ ਸ਼ੱਕ ਨਹੀਂ ਕਿ ਇਹ ਇਕੱਠ ਉਸੇ ਸਿੱਖੀ ਦਾ ਸੀ ਜਿਹੜੀ ਸਿੱਖੀ ਗੁਰੂ ਪਰੰਪਰਾ ਦੇ ਦੋ ਸਦੀਆਂ ਦੇ ਨਿਰੰਤਰ ਪ੍ਰਚਾਰ ਨਾਲ ਫੈਲਾਅ ਸੀ।

ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਾਂ ਦੀ ਮੰਗ ਸੰਗਤਾਂ ਦੇ ਇਕੱਠ ਵਿਚੋਂ ਪੂਰੀ ਹੋਈ, ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਦੋਂ ਤੱਕ ਸਿੱਖ ਸਮਾਜ ਕੁਰਬਾਨੀ ਦਾ ਪਾਠ ਪੜ੍ਹ ਚੁੱਕਿਆ ਸੀ। ਸਪੱਸ਼ਟ ਹੈ ਕਿ ਜੋ ਕਰਿਸ਼ਮਾ ਵਿਹਾਰਕ ਰੂਪ ਵਿਚ ੧੬੯੯ ਦੀ ਵਿਸਾਖੀ ਨੂੰ ਵਾਪਰਿਆ, ਉਹ ਬੀਜ ਰੂਪ ਵਿਚ ਇਕ ਸਿਧਾਂਤ ਦੀ ਤਰ੍ਹਾਂ ਪਹਿਲਾਂ ਤੋਂ ਮੌਜੂਦ ਸੀ। ਮੇਰੀ ਤਾਂ ਮਾਨਤਾ ਹੈ ਕਿ ਜਿਹੜੀ ਪੰਜਾਂ ਪਿਆਰਿਆਂ ਦੀ ਸੰਸਥਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਦੁੱਤੀ ਵਿਧੀ ਰਾਹੀਂ ਲੋਕਾਂ ਦੇ ਸਨਮੁੱਖ ਪ੍ਰਗਟ ਕੀਤਾ ਸੀ, ਦਾ ਵਿਚਾਰਧਾਰਕ ਮੁੱਢ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਬੰਨ੍ਹਿਆ ਗਿਆ ਸੀ।

ਦੂਜੀ ਗੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਦੀ ਉਸ ਮਨੋਸਥਿਤੀ ਅਤੇ ਦ੍ਰਿੜ੍ਹ ਇਰਾਦੇ ਤੇ ਪ੍ਰਤੀਬੱਧਤਾ ਦੀ ਹੈ, ਜਿਹੜੀ ਖ਼ਾਲਸਾ ਦੀ ਸਿਰਜਣਾ ਪਿੱਛੇ ਕਾਰਜਸ਼ੀਲ ਸੀ। ਇਤਿਹਾਸਕ ਪ੍ਰਵਾਹ ਸਾਨੂੰ ਦੱਸਦਾ ਹੈ ਕਿ ਇਹ ਮਾਨਸਿਕਤਾ ਦਾ ਕੇਂਦਰੀ-ਬਿੰਦੂ ਸੀ, ਸਦੀਆਂ ਤੋਂ ਸ਼ੋਸ਼ਣ ਤੇ ਵਿਤਕਰਿਆਂ ਦੀ ਸ਼ਿਕਾਰ ਆਮ ਜਨਤਾ, ਜਿਸ ਨੂੰ ਭਾਰਤੀ ਸਮਾਜੀ ਵਿਵਸਥਾ ਨੇ ਪੈਰਾਂ ਥੱਲੇ ਰੌਂਦਿਆ ਹੋਇਆ ਸੀ, ਨੂੰ ਸੱਤਾ ਦੇ ਸਿੰਘਾਸਨ 'ਤੇ ਪਹੁੰਚਾਉਣਾ। ਉਨ੍ਹਾਂ ਦੀ ਪਾਤਸ਼ਾਹੀ ਸਥਾਪਿਤ ਕਰਨੀ, ਜਿਨ੍ਹਾਂ ਨੇ ਰਾਜਨੀਤਕ ਸੱਤਾ ਵਿਚ ਭਾਈਵਾਲੀ ਦਾ ਸੁਖ ਤਾਂ ਕੀ ਭੋਗਣਾ ਸੀ, ਕਦੇ ਸਮਾਜ ਵਿਚ ਸਮਾਨਤਾ ਦੇ ਅਹਿਸਾਸ ਦਾ ਸੁਖ ਵੀ ਨਹੀਂ ਸੀ ਭੋਗਿਆ। ਤਿਰਸਕਾਰ ਤੇ ਬੇਪਤੀ ਜਿਨ੍ਹਾਂ ਦੇ ਜੀਵਨ ਦੀ ਜ਼ਰੂਰੀ ਸ਼ਰਤ ਬਣ ਚੁੱਕੀ ਸੀ। ਆਪਣੇ ਨਾਲ ਹੋ ਰਹੇ ਅਨ੍ਹਿਆਂ ਨੂੰ ਜਿਨ੍ਹਾਂ ਆਪਣੀ ਕਿਸਮਤ ਤੇ ਰੱਬੀ ਇੱਛਾ ਮੰਨ ਲਿਆ

**ਭਾਈ ਨੰਦ ਲਾਲ ਦੇ 'ਤਨਖ਼ਾਹਨਾਮਾ' ਵਿਚ ਖ਼ਾਲਸੇ ਦੇ ਗੁਣਾਂ ਦੀ ਇਕ ਲੰਮੀ ਫੈਰਿਸਤ ਦਿੱਤੀ ਹੋਈ ਹੈ। ਮਿਸਾਲ ਵਜੋਂ ਨਿੰਦਾ ਦਾ ਤਿਆਗ ਕਰਨ ਵਾਲਾ, ਰਣ ਭੂਮੀ ਵਿਚ ਲੜ ਮਰਨ ਵਾਲਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰ ਮੁਕਾਉਣ ਵਾਲਾ, ਭਰਮਾਂ-ਵਹਿਮਾਂ ਦਾ ਨਾਸ ਕਰਨ ਵਾਲਾ ਖ਼ਾਲਸਾ ਹੈ :**

**ਖਾਲਸਾ ਸੋਇ ਜੋ ਨਿੰਦਾ ਤਿਆਗੈ।**
**ਖਾਲਸਾ ਸੋਇ ਲੜੈ ਹੋਇ ਆਗੈ।**
**ਖਾਲਸਾ ਸੋਇ ਪੰਚ ਕਉ ਮਾਰੈ।**
**ਖਾਲਸਾ ਸੋਇ ਭਰਮ ਕਉ ਸਾੜੈ।**

ਸੀ। ਕੁਇਰ ਸਿੰਘ ਦੇ 'ਗੁਰ ਬਿਲਾਸ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਦ੍ਰਿੜ੍ਹ ਇਰਾਦੇ ਦਾ ਜ਼ਿਕਰ ਮਿਲਦਾ ਹੈ। ਜੇ ਬਾਜ ਚਿੜੀ ਨੂੰ ਮਾਰੇ ਤਾਂ ਇਹ ਕੋਈ ਪ੍ਰਤਿਭਾ ਵਾਲੀ ਗੱਲ ਨਹੀਂ, ਮੇਰਾ ਇਰਾਦਾ ਤਾਂ ਚਿੜੀਆਂ ਪਾਸੋਂ ਬਾਜ ਤੁੜਾਉਣ ਦਾ ਹੈ :

**ਮੈ ਅਸਪਾਨਿਜ ਤਬ ਲਖੋ ਕਰੋ ਐਸ ਯੋ ਕਾਮ ॥**
**ਚਿੜੀਅਨ ਬਾਜ ਤੁਰਾਯ ਹੋ ਸਸੇ ਕਰੋ ਸਿੰਘ ਸਾਮ ॥**
**ਬਾਜ ਚਿੜੀ ਕਹੁ ਮਾਰ ਹੈ ਏ ਪ੍ਰਭੁਤਾ ਕਛੁ ਨਾਹ ॥**
**ਤਾਤੈ ਕਾਜ ਕੀਓ ਇਹੈ ਬਾਜ ਹਨੈ ਚਿੜੀਆਹ ॥**

ਪਰ ਭਾਰਤੀ ਸਮਾਜ ਦੀ ਬਦਕਿਸਮਤੀ ਇਹ ਸੀ ਕਿ ਉਹ ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ ਅਤੇ ਉਸ ਨੂੰ ਇਹ ਗੁਲਾਮੀ ਓਪਰੀ ਨਹੀਂ ਸੀ ਜਾਪਦੀ। ਸ਼ਾਇਦ ਇਸ ਲਈ ਕਿ ਸਰੀਰ ਦੇ ਮੋਹ ਤੇ ਪਦਾਰਥਕ ਸੁਖਾਂ ਦੀ ਤ੍ਰਿਸ਼ਨਾ ਕਾਰਨ ਉਸ ਦੀ ਆਤਮਾ ਮਰ ਚੁੱਕੀ ਸੀ। ਦਰਅਸਲ, ਸਰੀਰ ਦੇ ਮੋਹ ਕਾਰਨ ਮਨੁੱਖ ਗੁਲਾਮੀ ਸਹਿੰਦਾ ਹੈ, ਮਜ਼ਲੂਮ ਬਣ ਕੇ ਤਰਸਯੋਗ ਹਾਲਾਤ ਵਿਚ ਜਿਊਂਦਾ ਹੈ, ਸ਼ੋਸ਼ਣ ਦਾ ਕਸ਼ਟ ਭੋਗਦਾ ਹੈ। ਧਰਮ, ਭਾਸ਼ਾ ਤੇ ਸੱਭਿਆਚਾਰ ਦੀ ਬਲੀ ਦੇ ਕੇ ਆਪਣੇ ਸਰੀਰ ਦੇ ਸੁਖ ਦੇ ਸਾਧਨ ਜੁਟਾਉਂਦਾ ਹੈ।

ਐਸੀ ਸਥਿਤੀ ਵਿਚ ਗੁਰੂ ਪਰੰਪਰਾ ਨੇ ਸੇਧ ਦਿੱਤੀ ਸੀ ਕਿ ਜੇ ਆਪਾ ਵਾਰਨ ਦੀ ਜਾਚ ਤੇ ਸਮਰੱਥਾ ਆ ਜਾਵੇ ਤਾਂ ਅਣਖ ਨਾਲ ਜਿਊਣਾ ਵੀ ਆ ਜਾਂਦਾ ਹੈ। ਰੋਜ਼ ਮਰਨ ਨਾਲੋਂ ਇਕ ਵਾਰ ਮਰਨਾ ਕਿਤੇ ਚੰਗਾ ਹੈ। ਇਸ ਤਰ੍ਹਾਂ ਦਾ ਇਕ ਵਾਰ ਮਰਨਾ ਸਦੀਵੀ ਜੀਵਨ ਬਣ ਜਾਂਦਾ ਹੈ ਅਤੇ ਹਜ਼ਾਰਾਂ ਲੱਖਾਂ ਹੋਰਨਾਂ ਨੂੰ ਸੁਤੰਤਰ ਜ਼ਿੰਦਗੀ ਦੇ ਜਾਂਦਾ ਹੈ। ਇਹੋ ਸਾਰ-ਤੱਤ ਸੀ ਵਿਸਾਖੀ ਵਾਲੇ ਦਿਨ ਪੰਜ ਸਿਰਾਂ ਦੀ ਮੰਗ ਕਰਕੇ ਖ਼ਾਲਸਾ ਪੰਥ ਦੀ ਸਿਰਜਣਾ ਵਾਲੀ ਘਟਨਾ ਦਾ।

ਇਕ ਹੋਰ ਗੱਲ। ਖ਼ਾਲਸਾ ਕੌਣ ਹੈ, ਕੀ ਪਰਿਭਾਸ਼ਾ ਹੈ ਖ਼ਾਲਸੇ ਦੀ? ਇਹ ਸਵਾਲ ਵੀ ਬਹੁਤ ਅਹਿਮ ਹੈ। ਸਾਡੀ ਇਕ ਰਵਾਇਤੀ ਲਿਖਤ 'ਪ੍ਰੇਮ ਸੁਮਾਰਗ ਗ੍ਰੰਥ' ਵਿਚ ਇਸ ਸਵਾਲ ਦਾ ਜਵਾਬ ਦੇਣ ਦਾ ਯਤਨ ਬੜੇ ਢੁੱਕਵੇਂ ਅੰਦਾਜ਼ ਵਿਚ ਕੀਤਾ ਗਿਆ ਹੈ। ਲਿਖਤ ਦੀਆਂ ਸਤਰਾਂ ਇਸ ਤਰ੍ਹਾਂ ਹਨ:

**'ਸੋ ਕਉਨ ਖ਼ਾਲਸਾ ਹੈਨਿ ?**
**ਜਿਨ੍ਹੀ ਕਿਨ੍ਹੀਂ ਆਪਣਾ ਤਨੁ ਮਨੁ ਧਨੁ ਗੁਰੂ ਸ੍ਰੀ ਅਕਾਲ ਪੁਰਖ ਦੀ ਕਓ ਸਓਪਿਆ ਹੈ ॥**
**ਕਿਸੀ ਬਾਤ ਦਾ ਉਨ ਕਓ ਹਰਖ ਸੋਗ ਨਾਹੀ ॥**
**ਪਰ ਕਿਸੀ ਦੀ ਆਸਾ ਨਹੀਂ ਕਰਤੇ ॥**
**ਅਰ ਇੰਦ੍ਰੀਆਂ ਆਪਣੀਆਂ ਕਓ ਜੀਤ ਬੈਠੇ ਹੈਨਿ ॥**
**ਅਰ ਚਿਤਨਵੀ ਆਪਨੀ ਕਓ ਸ੍ਰੀ ਅਕਾਲ ਪੁਰਖ ਜੀ ਦੇ ਚਰਨਾਬਿੰਦ ਬਿਖੈ ਰਖਿਆ ਹੈ ॥'**

ਖ਼ਾਲਸਾ ਹੋ ਜਾਣ ਲਈ ਕਿਹੜੇ ਗੁਣ ਜ਼ਰੂਰੀ ਹਨ, ਇਸ ਦਾ ਖੁਲਾਸਾ ਵੀ ਇਸ ਗ੍ਰੰਥ ਦੇ ਰਚਨਾਕਾਰ ਨੇ ਬੜੇ ਖ਼ੂਬਸੂਰਤ ਲਫ਼ਜ਼ਾਂ ਵਿਚ ਕੀਤਾ ਹੈ-ਖ਼ਾਲਸਾ ਉਹ ਹੈ ਜਿਹੜਾ 'ਲੋਭ ਨ ਕਰੈ; ਅਹੰਕਾਰ ਨ ਕਰੈ; ਬਹੁਤ ਮੋਹ ਨ ਕਰੈ; ਨਿੰਦਿਆ ਨ ਕਰੈ; ਅਰੁ ਅਸੁੱਭ ਭੀ ਨ ਬੋਲੈ। ਅਰੁ ਐਸਾ ਸੱਤ ਭੀ ਨ ਬੋਲੈ; ਜੋ ਕਿਸੈ ਦਾ ਬੁਰਾ ਹੁੰਦਾ ਹੋਵੈ। ਅਰੁ ਜੋ ਕਿਛੁ ਕਰੈ, ਸੁਮਤਿ ਹੀ ਕਰੈ। ਦੁਖਾਵੈ ਕਿਸੇ ਕੋ ਨਾਹੀ। ਮੁਖ ਤੇ ਮਿੱਠਾ ਬੋਲੈ। ਜੇ ਕੋਈ ਬੁਰਾ ਭਲਾ ਕਹੈ, ਮਨ ਬਿਖੈ ਲਿਆਵੈ ਨਾਹੀਂ। ਭਾਵੇਂ ਕੋਈ ਆਦਰੁ ਕਰੈ, ਭਾਵੈਂ ਕੋਈ ਅਨਾਦਰੁ ਕਰੇ; ਹਰਖ ਸੋਗ ਕਿਸੀ ਬਾਤ ਕਾ ਨਾ ਕਰੈ। ਪਰਾਏ ਦਰਬ ਕਉ ਅੰਗੀਕਾਰੁ ਨ ਕਰੈ। ਧਰਮ ਕੀ ਕਿਰਤਿ ਕਰ ਖਾਇ। ਦਾਤਾ ਗੁਰੂ ਬਾਬਾ ਅਕਾਲ ਪੁਰਖੁ ਹੈ; ਹੋਰਤਿ ਕਿਤੈ ਵਲਿ ਦੇਖੈ ਨਾਹੀ। ਮਟ, ਮੜ੍ਹੀ, ਦੇਵੀ, ਦੇਵਤਾ, ਬੁਤ, ਤੀਰਥ, ਬਰਤ, ਪੂਜਾ-ਅਰਚਾ, ਮੰਤ੍ਰ, ਜੰਤ੍ਰ ਪੀਰ ਪੁਰਸ਼, ਬ੍ਰਾਹਮਣ, ਪੁੱਛਿ ਨ ਲੇਵੈ। ਤਰਪਣ ਗਾਇਤ੍ਰੀ ਸੰਧਿਆ ਹੋਰਤਿ ਕਿਤੈ ਵਲਿ ਦੇਖੈ ਨਾਹੀ। ਮਨ ਆਪਣਾ ਸ੍ਰੀ ਅਕਾਲ ਪੁਰਖੁ ਜੀ ਕੇ ਚਰਨਾਬਿੰਦ ਬਿਖੈ ਰਖੈ।'

ਕਵੀ ਸੈਨਾਪਤੀ ਅਨੁਸਾਰ ਖ਼ਾਲਸਾ ਉਹ ਹੈ ਜਿਸ ਦੇ ਹਿਰਦੇ ਵਿਚ ਕਿਸੇ ਕਿਸਮ ਦਾ ਭਰਮ ਨਹੀਂ। ਭਰਮ ਭੇਖ ਤੋਂ ਨਿਆਰਾ ਵਿਅਕਤੀ ਹੀ ਖ਼ਾਲਸਾ ਅਖਵਾ ਸਕਦਾ ਹੈ:

**ਖਾਲਸਾ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸਾ ਸਤਿਗੁਰੂ ਹਮਾਰਾ।**

ਭਾਈ ਨੰਦ ਲਾਲ ਦੇ 'ਤਨਖ਼ਾਹਨਾਮਾ' ਵਿਚ ਖ਼ਾਲਸੇ ਦੇ ਗੁਣਾਂ ਦੀ ਇਕ ਲੰਮੀ ਫੈਰਿਸਤ ਦਿੱਤੀ ਹੋਈ ਹੈ। ਮਿਸਾਲ ਵਜੋਂ ਨਿੰਦਾ ਦਾ ਤਿਆਗ ਕਰਨ ਵਾਲਾ, ਰਣ ਭੂਮੀ ਵਿਚ ਲੜ ਮਰਨ ਵਾਲਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰ ਮੁਕਾਉਣ ਵਾਲਾ, ਭਰਮਾਂ-ਵਹਿਮਾਂ ਦਾ ਨਾਸ ਕਰਨ ਵਾਲਾ ਖ਼ਾਲਸਾ ਹੈ :

**ਖਾਲਸਾ ਸੋਇ ਜੋ ਨਿੰਦਾ ਤਿਆਗੈ।**
**ਖਾਲਸਾ ਸੋਇ ਲੜੈ ਹੋਇ ਆਗੈ।**
**ਖਾਲਸਾ ਸੋਇ ਪੰਚ ਕਉ ਮਾਰੈ।**
**ਖਾਲਸਾ ਸੋਇ ਭਰਮ ਕਉ ਸਾੜੈ।**

ਇਸ ਤਰ੍ਹਾਂ ਸਪਸ਼ਟ ਹੈ ਕਿ ਜੇ ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਸਾਰੀ ਗੁਰੂ ਪਰੰਪਰਾ ਪੂਰੀ ਸਰਗਰਮੀ ਨਾਲ ਖ਼ਾਲਸਾ ਪੰਥ ਦੀ ਸਿਰਜਨਾ ਦੀ ਪ੍ਰਕ੍ਰਿਆ ਵਿਚ ਸ਼ਾਮਿਲ ਸੀ। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੇ ਵੀ ਦ੍ਰਿੜ੍ਹ ਨਿਸਚਾ ਕਰ ਲਿਆ ਸੀ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨੂੰ ਖ਼ਾਲਸਾ ਪੰਥ ਦੇ ਜਥੇਬੰਦਕ ਰੂਪ ਵਿਚ ਪ੍ਰਗਟ ਕਰਨਗੇ। ਇਸੇ ਦਾ ਨਤੀਜਾ ਸੀ ਕਿ ੧੬੯੯ ਦੀ ਵਿਸਾਖੀ 'ਤੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ, ਸਿੱਖੀ ਦੇ ਬੁਨਿਆਦੀ ਅਸੂਲਾਂ ਅਤੇ ਸਿਧਾਤਾਂ ਉਪਰ ਵਿਸ਼ਵਾਸ ਰੱਖਣ ਵਾਲਾ, ਭਰਮ-ਭੇਖ ਤੋਂ ਨਿਆਰਾ ਰਹਿ ਕੇ ਆਪਣੇ ਚਿਤ ਨੂੰ ਹਮੇਸ਼ਾ ਅਕਾਲ ਪੁਰਖ ਦੇ ਚਰਨਾਂ ਵਿਚ ਟਿਕਾ ਕੇ ਵਿਲੱਖਣ ਜੀਵਨ ਜਿਊਣ ਵਾਲਾ, ਇਨਕਲਾਬੀ, ਮਰਜੀਵੜਾ, ਖ਼ੁਦਮੁਖ਼ਤਿਆਰ ਖ਼ਾਲਸਾ ਪੰਥ ਹੋਂਦ ਵਿਚ ਆਇਆ। ▪▪



ਪ੍ਰੋ. ਪੂਰਨ ਸਿੰਘ ਜੀ

# ਫ਼ਕੀਰ

ਫ਼ਕੀਰ ਉਹ ਨਹੀਂ ਜੋ ਮੁਥਾਜ ਹੋਵੇ ਤੇ ਪੱਲਿਉਂ ਸੱਖਣਾ ਹੋਵੇ। ਫ਼ਕੀਰ ਉਹ ਹੈ, ਜਿਸਦੀ ਦ੍ਰਿਸ਼ਟੀ ਚੰਦ ਰੋਜ਼ਾ ਜ਼ਿੰਦਗੀ ਦੀ ਫ਼ਾਹੀ ਨੂੰ ਕੱਟ ਕੇ ਉਚੀ ਉਠ ਗਈ ਹੋਵੇ। ਫ਼ਕੀਰ ਅਨੰਤ ਤੇ ਅਗੰਮ ਦੇ ਦੇਸ਼ ਦੀ ਰਹਿਣ ਵਾਲੀ ਦ੍ਰਿਸ਼ਟੀ ਹੈ। ਇਹ ਬੇ-ਨਿਸ਼ਾਨ, ਬੇਨਾਮ, ਅਰੂਪ, ਬੇਅੰਤਤਾਈ ਵਿਚ ਲਟਕਦਾ, ਲਿਸ਼ਕਦਾ, ਨਿੱਕਾ ਜਿਹਾ ਧਰੂਅ ਹੈ। ਇਹ ਦਿੱਸਦਾ ਤਾਂ ਮਨੁੱਖ ਹੈ, ਪਰ ਇਹਨੂੰ ਸਾਡੇ ਵਾਂਗੂ ਦੁਨੀਆ ਦੀ ਕੋਈ ਚੀਜ਼ ਖ਼ੁਸ਼ ਨਹੀਂ ਕਰ ਸਕਦੀ। ਇਹ ਆਲਮਗੀਰ ਜਿਹੀ ਜਿੰਦ ਹੈ, ਜਿਹੜੀ ਸਾਨੂੰ ਨਿਰਜਿੰਦ ਜਿਹੀ ਦਿੱਸਦੀ ਹੈ। ਜਿਨਾਂ ਚੀਜ਼ਾਂ ਦਾ ਸਾਡੇ ਪਰ ਜਾਦੂ ਅਸਰ ਹੁੰਦਾ ਹੈ, ਉਹ ਫ਼ਕੀਰ ਦੇ ਦਿਲ ਨੂੰ ਕਿਸੀ ਤਰਾਂ ਭਰਮਾ ਭਿਗੋ ਨਹੀਂ ਸਕਦੀਆਂ। ਇਹ ਉਹ ਹੈ ਜਿਹੜਾ ਕਿਸੇ ਉਤੇ ਕਿਸੀ ਤਰਾਂ ਦਾ ਕੋਈ ਹੱਕ ਨਹੀਂ ਰਖਵਾਂਦਾ। ਹੱਕਾਂ ਦੀ ਨਾਹੱਕ ਲੜਾਈ ਕੇਵਲ ਇਸ ਅੰਦਰ ਨਹੀਂ ਹੈ। ਇਹ ਰੰਗੀ ਆਦਮੀ ਹੈ। ਕਿਸੇ ਵੇਲੇ ਜੇ ਕਿਸੇ ਫ਼ੁੱਲ ਚੜ੍ਹਾਏ ਤਦ ਪਤਾ ਨਹੀਂ, ਜੇ ਕਿਸੇ ਕੰਡੇ ਚੁਭਾਏ ਤਦ ਚੁੱਪ। ਜਿਵੇਂ ਕੁਦਰਤ ਨੂੰ ਕੋਈ ਬੁਲਾ ਨਹੀਂ ਸਕਦਾ, ਤਿਵੇਂ ਕੁਛ ਭੀ ਤੇ ਕੋਈ ਭੀ ਫ਼ਕੀਰ ਦੇ ਅੰਦਰਲੇ ਨੂੰ ਬੁਲਾ ਨਹੀਂ ਸਕਦਾ। ਇਹ ਪਤਾ ਨਹੀਂ ਇਹ ਕਿਉਂ ਚੁੱਪ ਹੈ। ਸ਼ਾਇਦ ਇਸ ਦੇ ਦਰਦ ਨੂੰ ਕੋਈ ਸਮਝ ਨਹੀਂ ਸਕਦਾ, ਸ਼ਾਇਦ ਇਸ ਦੇ ਦਿਲ ਦੇ ਭੇਤ ਨੂੰ ਕੋਈ ਸਹਾਰ ਨਹੀਂ ਸਕਦਾ। ਜਦ ਕਦੀ ਇਹ ਸਹਿਜ ਸੁਭਾਅ ਬੋਲ ਪਿਆ, ਤਦ ਇਹਨੂੰ ਲੋਕਾਂ ਸੂਲ ਪਰ ਚਾੜ੍ਹਿਆ, ਖੱਲਾਂ ਉਤਾਰੀਆਂ, ਲੋਕਾਂ ਦਾ 'ਅਕਲੀ ਧਰਮ' ਤੇ ਫ਼ਕੀਰ ਦਾ 'ਪ੍ਰੀਤ ਮਜ਼ਹਬ' ਸਦਾ ਅੱਗ ਤੇ ਜਲ ਵਾਂਗੂ ਅੱਡ-ਅੱਡ ਰਹੇ ਹਨ। ਕਈ ਵੇਰੀ ਮਾਰਿਆ ਗਿਆ, ਪਰ ਫ਼ਕੀਰ ਉਸੀ ਤਰਾਂ ਜਿਊਂਦਾ ਜਾਗਦਾ, ਹਾਲੀ ਉਸੇ ਤਰਾਂ ਬੈਠਾ ਦਿੱਸ ਰਿਹਾ ਹੈ ਤੇ ਉਸੇ ਤਰਾਂ ਦੁਨੀਆ ਵਲ ਪਿੱਠ ਮੋੜ ਕੇ ਬੈਠਾ ਹੈ। ਉਸੀ ਤਰਾਂ ਸੰਸਾਰ ਦੇ ਪਿੱਛੇ ਖੜੀ ਸੰਸਾਰ ਦੇ ਰਚਨਹਾਰ ਦੀ ਡਾਢੀ ਤਿੱਖੀ ਤੀਰ ਨੈਣੀ ਹਕੀਕਤ ਨੂੰ ਦੇਖ

ਫ਼ਕੀਰ ਉਹ ਹੈ, ਜਿਸਦੀ ਦ੍ਰਿਸ਼ਟੀ ਚੰਦ ਰੋਜ਼ਾ ਜ਼ਿੰਦਗੀ ਦੀ ਫ਼ਾਹੀ ਨੂੰ ਕੱਟ ਕੇ ਉਚੀ ਉਠ ਗਈ ਹੋਵੇ। ਫ਼ਕੀਰ ਅਨੰਤ ਤੇ ਅਗੰਮ ਦੇ ਦੇਸ਼ ਦੀ ਰਹਿਣ ਵਾਲੀ ਦ੍ਰਿਸ਼ਟੀ ਹੈ। ਇਹ ਬੇ-ਨਿਸ਼ਾਨ, ਬੇਨਾਮ, ਅਰੂਪ, ਬੇਅੰਤਤਾਈ ਵਿਚ ਲਟਕਦਾ, ਲਿਸ਼ਕਦਾ, ਨਿੱਕਾ ਜਿਹਾ ਧਰੂਅ ਹੈ। ਇਹ ਦਿੱਸਦਾ ਤਾਂ ਮਨੁੱਖ ਹੈ, ਪਰ ਇਹਨੂੰ ਸਾਡੇ ਵਾਂਗੂ ਦੁਨੀਆ ਦੀ ਕੋਈ ਚੀਜ਼ ਖ਼ੁਸ਼ ਨਹੀਂ ਕਰ ਸਕਦੀ।

ਰਿਹਾ ਹੈ, ਇਹ ਇਸ ਰਚਨਹਾਰ ਦੀ ਹਕੀਕਤ ਦੇ ਨੈਣਾਂ ਦਾ ਮਾਰਿਆ ਫ਼ਕੀਰ ਹੈ :

**ਬਰਛੀ ਦਾ ਮਾਰਿਆ ਕੋਈ ਦਮ ਜੀਵੇ**
**ਨੈਣਾਂ ਦਾ ਮਾਰਿਆ ਫ਼ਕੀਰ।**

ਸਾਡੇ ਵਿਚੋਂ ਸਭ ਕੋਈ ਦੁਨੀਆ ਦੇ ਰੰਗ ਤਮਾਸ਼ਿਆਂ ਵਿਚ ਰੁੱਝ ਕੇ ਰੀਝ ਸਕਦਾ ਹੈ। ਸਮਾਂ ਕਿਵੇਂ ਨਾ ਕਿਵੇਂ ਲੰਘ ਹੀ ਜਾਂਦਾ ਹੈ। ਜੇ ਪੁੱਤਰ ਨਹੀਂ ਤਾਂ ਤੋਤੇ ਹੀ ਪਾਲ ਕੇ ਗੁਜ਼ਾਰ ਲਈਦਾ ਹੈ। ਕਿਸੇ ਦਾ ਪਿਆਰ ਨਹੀਂ ਤਾਂ ਧਨ ਸਹੀ, ਅਕਲ ਸਹੀ, ਖ਼ਿਆਲਾਂ ਵਿਚ ਹੀ ਦਿਨ ਕਟੀ ਹੋ ਜਾਂਦੀ ਹੈ। ਕਿਸੇ ਨੂੰ ਰਾਗ ਦੀ ਧੁਨ ਹੈ, ਕਿਸੇ ਨੂੰ ਕਾਮਨੀ ਦੀ, ਕਿਸੀ ਨਾ ਕਿਸੀ ਖ਼ਬਤ ਵਿਚ ਦੁਨੀਆ ਚੱਲ ਹੀ ਨਿਕਲਦੀ ਹੈ, ਪਰ ਫ਼ਕੀਰ-ਦਿਲ ਲਈ ਇਹ ਖੇਡ ਸਾਹ ਘੁਟਵੀਂ ਹੈ, ਉਸ ਦਾ ਦਮ ਰੁਕਦਾ ਹੈ, ਉਹ ਉਸ ਮਹਾਨ ਹਕੀਕਤ ਦੇ ਨੈਣਾਂ ਦੀ ਬਰਛੀ ਦੀ ਬੁਛਾੜ ਦੇ ਬਾਹਰ ਇਕਦਮ ਜੀ ਨਹੀਂ ਸਕਦਾ। ਫ਼ਕੀਰ ਨੈਣਾਂ ਦੀ ਮੌਤ ਵਿਹਾਜਦਾ ਹੈ, ਇਹ ਸਤਿਨਾਮ ਦੇ ਨੈਣਾਂ ਦੇ ਪ੍ਰਕਾਸ਼ ਨਾਲ ਜਿਊਂਦਾ ਜਾਗਦਾ, ਮੋਇਆ ਜਿਊਂਦਾ ਪੁਰਖ ਹੁੰਦਾ ਹੈ। ਜੇ ਇਸ ਦਾ ਕੋਈ ਅਕਲ ਦਾ ਅੰਗ ਫ਼ਰਕੇ, ਤਦ ਏਹ ਪੁਰਖ ਇਸ ਚੇਤਨਤਾ ਥੀਂ ਡਰਨ ਲੱਗਦਾ ਹੈ। ਹਾਇ! ਮਤੇ ਮੈਂ ਹਕੀਕਤ ਦੇ ਨੈਣਾਂ ਦੇ ਜੀਵਨ ਥੀਂ ਵਾਂਝਿਆ ਨਾ ਜਾਵਾਂ।

ਹੇ ਦੁਨੀਆ ਵਾਲਿਓ! ਤੁਸਾਂ ਇਸ ਕੋਲੋਂ ਕੀ ਲੈਣਾ ਹੈ? ਨਾ ਅੱਗੇ ਤੁਸਾਂ ਇਸ ਕੋਲੋਂ ਕੁਛ ਲਿਆ ਤੇ ਨਾ ਹੁਣ ਕੁਛ ਲੈਣਾ ਹੈ। ਤੁਸੀਂ ਸਾਵਧਾਨ ਜਾਗੋ, ਕੰਮਾਂ ਵਾਲੇ, ਚੰਗੇ ਬੀਬੇ, ਹਿਲਦੇ-ਜੁਲਦੇ, ਧੰਧੇ ਕਰਦੇ, ਅਕਲਾਂ ਵਾਲੇ, ਧਰਮੀ, ਕਰਮੀ, ਨੇਮੀ, ਪਵਿੱਤਰ, ਸ਼ੁਧ ਫ਼ਰਜ਼ ਨਿਭਾਉਣ ਵਾਲੇ ਤੇ ਇਹ ਵਿਚਾਰਾ ਅਮਲੀ ਸੁਪਨਿਆਂ ਵਿਚ ਗੜੂੰਦ, ਨਿਕੰਮਾ, ਕਿਸੀ ਕੰਮ ਨਾ ਆਉਣ ਵਾਲਾ, ਲਿੱਸਾ ਜਿਹਾ, ਮਿੱਟੀ ਦੀ ਮਿੱਟੀ, ਕੁਝ ਬੇਹੋਸ਼ ਜਿਹਾ ਆਦਮੀ ਫ਼ਰਜ਼ਾਂ, ਗ਼ਰਜ਼ਾਂ ਥੀਂ ਪਰੇ ਸੁੱਤਾ, ਮੋਇਆ ਜਿਹਾ ਮਨੁੱਖ, ਇਸ ਥੀਂ ਤਾਂ ਚੰਨ ਦੀ ਚਾਨਣੀ, ਕੋਇਲ ਦੀ ਕੂਕ, ਅੰਬਾਂ ਦੇ ਬੂਰ ਤੇ ਸੁੰਦਰੀਆਂ ਦੇ ਹਾਸਿਆਂ, ਸ਼ਤਰੰਜਾਂ, ਤਾਸ਼ਾਂ, ਸ਼ਰਾਬਾਂ ਹੇਠ ਤੁਸਾਡਾ ਸਮਾਂ ਚੰਗਾ ਲੰਘੂ।

ਦੁਨੀਆ ਵਾਲੇ ਸੂਲੀਆਂ ਚਾੜ-ਚਾੜ ਹਾਰੇ, ਫ਼ਕੀਰ ਆਪਣੀ ਉਸੇ ਰਸਕ ਚੁੱਪ ਵਿਚ ਝੂਮ ਰਿਹਾ ਹੈ। ਇਸ ਫੇਰੀ ਵਾਲੇ ਦੀ ਉਹੋ ਹੀ ਗੂੰਜਦੀ ਫੇਰੀ, ਮੁੜ-ਮੁੜ ਉਹੋ ਹੀ ਗੱਲ, ਉਹੋ ਹੀ ਸਿਕ, ਦੁਖ ਦਾ ਛੰਨਾ ਰੱਖਿਆ ਹੈ ਤੇ ਕਹਿ ਰਿਹਾ ਹੈ, ਪੀ, ਪੀਓ ਨਾ ਜੀ, ਪੀਓ! ਉਹ ਅੱਗ ਦਾ ਥੰਮ ਖੜਾ ਹੈ ਤੇ ਉਸੀ ਤਰਾਂ ਅਭੈ ਹੋ ਹੋ ਨਾਥ ਕਹਿ ਕੇ ਗਲਵੱਕੜੀ ਪਾ ਰਿਹਾ ਹੈ, ਉਹੋ ਪੰਜ ਵਰੇ ਦਾ ਬਾਲਕ ਬਣਿਆ, ਤੜਾਗੀ ਪਾਈ ਹਕੀਕਤ ਦੇ ਦੀਦਾਰ ਮੁਸ਼ਤਾਕ ਜੰਗਲ-ਜੰਗਲ ਵਿਚਰ ਰਿਹਾ ਹੈ, ਨਾ ਸ਼ੇਰ ਦਿੱਸਦਾ ਹੈ ਨਾ ਹਾਥੀ। ਉਹ ਰਾਮ ਲੀਕ ਵਿਚ ਬਿੱਲੀ ਦੇ ਬਲੂੰਗੜਿਆਂ ਨੂੰ ਬਲਦੀ ਅੱਗ ਵਿਚ ਰੱਖਣ ਵਾਲੀ ਦੇ ਆਖੇ ਲੱਗ "ਜਲੇ ਹਰੀ॥ ਥਲੇ ਹਰੀ॥" ਕਰਦਾ ਗਲੀ-ਗਲੀ ਥਈਆ-ਥਈਆ ਨੱਚ ਰਿਹਾ ਹੈ। "ਔਹ

ਜ਼ਹਿਰ ਪਿਆਲਾ ਪੀ, ਲਾਲੀਆਂ ਚੜੇ ਰੰਗਾਂ ਵਿਚ ਢੋਲ ਵਜਾ-ਵਜਾ ਇਕ ਰਾਗ ਕੰਨਿਆ ਆਪਣੇ ਇਲਾਹੀ ਪ੍ਰੀਤਮ ਦਾ ਸੌਦਾ ਕਰ ਰਹੀ ਹੈ।" ਕਦੀ ਭਰਾਵਾਂ ਦਾ ਮਾਰਿਆ ਯੂਸਫ਼ ਗ਼ੁਲਾਮ ਹੈ, ਵਿਕ ਰਿਹਾ ਹੈ ਤੇ ਕਦੀ ਤਖ਼ਤ 'ਤੇ ਬੈਠਾ ਰਾਜ ਕਰ ਰਿਹਾ ਹੈ। ਉਹ ਤਖ਼ਤ 'ਤੇ ਵੈਰਾਗ ਦੇ ਰੰਗਾਂ ਵਿਚ ਅੱਗ ਵਾਂਗੂ ਭੱਖਦਾ, ਉਹ ਮਹਿਰਮ ਦੇ ਪ੍ਰਕਾਸ਼ ਦਾ ਟੁਕੜਾ ਦਰ-ਦਰ ਮੰਗ ਰਿਹਾ ਹੈ। ਕੋਈ ਖ਼ੈਰ ਪਾਵੇ ਵੇ-ਸਾਈਂ ਖੜੇ ਹਨ। ਕਦੀਂ ਸਿਕੰਦਰ ਦਰਵਾਜ਼ੇ ਪਰ ਖੜਾ ਹੈ ਤੇ ਕੋਈ ਜੁਆਬ ਨਹੀਂ, ਤੇ ਕਦੀਂ ਇਕ ਕੁੱਤੇ ਦੇ ਮਗਰ ਰੋਂਦਾ ਜਾ ਰਿਹਾ ਹੈ, ਰੁੱਖੀ ਨਾ ਖਾਈਓ! ਨਾਥ; ਕਦੀਂ ਸਿਰ ਹੇਠ ਹੈ ਅਰ ਪਿਆਰੇ ਦੀ ਤਲਵਾਰ ਚੱਲ ਰਹੀ ਹੈ। ਕਦੀਂ ਬਸੰਤੀ ਲਿਬਾਸ ਸਜਾਏ, ਦਸਤਾਰੇ ਸਜੇ, ਕਛਹਿਰੇ ਪਹਿਨੇ, ਸ੍ਰੀ ਸਾਹਿਬ ਲਟਕਾਏ ਯਾਰ ਦੇ ਅੱਗੇ ਸੂਰਬੀਰ ਰੂਪ ਵਿਚ ਖੜੇ ਕੰਧਾਂ ਵਿਚ ਚਿਣੇ ਜਾ ਰਹੇ ਹਨ। ਕਦੀਂ ਗ੍ਰਿਹੀ ਹੋ ਯਾਰ ਦੇ ਹੁਕਮ ਵਿਚ ਵਹੁਟੀ ਗਹਿਣੇ ਪਾ ਸੇਵਾ ਨਿਭਾਹੀ। ਧੰਨ ਧੰਨ ਲੋਈ ਤੇ ਧੰਨ ਧੰਨ ਕਬੀਰ ਅਰਸ਼ਾਂ ਉਪਰ ਹੋਈ। ਔਖ ਦੇਖੋ ਨਾ! ਹਕੀਕਤ ਦੇ ਨੈਣਾਂ ਦਾ ਇਸ਼ਾਰਾ ਆਯਾ ੫੦/- ਥੀਂ ਕੰਨਯਾ ਵਿਕ ਗਈ। ਵਹੁਟੀ ਦੂਜੇ ੫੦/- ਰੁਪਏ ਥੀਂ ਵਿਕ ਗਈ। ਆਪ ਲਕੜਹਾਰਾ ਬਣਿਆ। ਰੋਟੀ ਲੰਗਰੋਂ ਖਾਧੀ ਤਾਂ ਵੀ ਕੂੜਾ, ਬਾਹਰੋਂ ਮੰਗੀ ਤਾਂ ਵੀ ਕੂੜਾ, ਆਖ਼ਰ ਖੂਹ ਵਿਚ ਢਹਿ ਕੇ ਅਰਸ਼ਾਂ 'ਤੇ ਜਾ ਚਮਕਿਆ। ਇਕ ਗ੍ਰਿਹੀ ਫ਼ਕੀਰ ਦਾ ਸਾਰਾ ਪਰਿਵਾਰ ਹਕੀਕਤ ਵਿਚ ਅਟੱਲ ਹੋਇਆ ਮੁੜ ਆਏ। ਸਾਰੇ ਚਾਲੀ ਕਟੀਕੇ ਮੋਏ ਤਾਂ ਜੀਵਨ ਨਾਲ ਵਿਸ਼ਾਲ ਹੋਇਆ। ਵਾਹ! ਵਾਹ! ਕਦੀ ਕੋਈ ਤੇ ਕਦੀ ਕੋਈ ਰੰਗ। ਸੱਜਣ ਠੱਗ ਦੀ ਠੱਗੀ ਸਾਡੀਆਂ ਭਗਤੀਆਂ ਥੀਂ ਵਧੀਕ ਮੁੱਲ ਪਾ ਗਈ। ਕੌਡੇ ਦਾ ਰਾਕਸ਼ਪੁਣਾ ਸਾਡੇ ਸਿਖਪੁਣੇ ਥੀਂ ਤੇ ਸਾਧਪੁਣੇ ਥੀਂ ਵਡਮੁੱਲਾ ਹੋਇਆ। ਵੱਸਦਿਆਂ ਨਗਰਾਂ ਥੀਂ ਕਬਰਿਸਤਾਨ ਦਾ ਮੁੱਲ ਵੱਧ ਪਿਆ। ਬ੍ਰਾਹਮਣਾਂ ਦੇ ਗਿਆਨਾਂ ਥੀਂ ਮੱਕੇ ਦੇ ਕਾਜ਼ੀ ਦੇ ਭਾਗ ਵੱਧ ਨਿਕਲੇ। ਸਾਰੀ ਦੁਨੀਆ ਵੱਸਦੀ ਸੀ। ਇਹੋ ਰੌਲੇ ਸਨ, ਇਹੋ ਮਜ਼ਹਬੀ ਅਹੰਕਾਰ ਸ਼ਰਾਅ ਸ਼ਰੀਅਤ ਮੌਜੂਦ ਸੀ, ਪਰ ਫ਼ਕੀਰਾਂ ਦਾ ਪਾਤਿਸ਼ਾਹ ਇਨਾਂ ਸਾਰਿਆਂ ਨੂੰ ਛੱਡ ਕੇ ਆਪਣੇ ਫ਼ਕੀਰਾਂ ਦੇ ਦਰਵਾਜ਼ੇ 'ਤੇ ਟੁਰ ਕੇ ਪਹੁੰਚਿਆ। ਇਹ ਕੌਣ ਸੀ? ਉਹ ਸੰਸਾਰ ਦੀ ਰਚਨਹਾਰ ਨੈਣਾਂ ਵਾਲੀ ਚੁੱਪ ਅਸਗਾਹ, ਅਗੰਮ, ਹਕੀਕਤ ਮਨੁੱਖ ਦਾ ਜਾਮਾ ਪਾ ਕੇ ਨਿਥਾਵਿਆਂ ਨੂੰ ਥਾਂ ਦੇਣ ਆਈ ਆਪਣੇ ਭਰਾਵਾਂ ਨੂੰ ਬਿਹਬਲ ਹੋਈ ਢੂੰਡਦੀ ਡਿੱਠੀ।

# ਸਿੱਖੀ ਮਹਾਨ ਹੈ

# 'ਸਾਬਤ ਸੂਰਤਿ ਦਸਤਾਰ ਸਿਰਾ'

**ਡਾ. ਇੰਦਰਜੀਤ ਸਿੰਘ ਮੁਹਾਲੀ**

ਇਹ ਹੁਕਮ ਸਤਿਗੁਰੂ ਸੱਚੇ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੈ। ਅੰਮ੍ਰਿਤ ਸੰਚਾਰ ਸਮੇਂ ਜੋ ਰਹਿਤ ਮਰਿਆਦਾ ਦੱਸੀ ਜਾਂਦੀ ਹੈ ਬੀਬੀਆਂ ਲਈ ਕੋਈ ਵੱਖਰਾ ਹੁਕਮ ਨਹੀਂ ਕੀਤਾ। ਦਸਮ ਪਾਤਿਸ਼ਾਹ ਦੇ ਸਮੇਂ ਸਭ ਬੀਬੀਆਂ ਸਿਰ ਦੇ ਉਪਰ ਦਸਤਾਰ ਸਜਾਉਂਦੀਆਂ ਸਨ। ਮਾਈ ਭਾਗੋ ਜੀ ਨੂੰ ਆਪਣੇ ਹੱਥੀਂ ਸਤਿਗੁਰੂ ਜੀ ਨੇ ਦਸਤਾਰ ਸਜਾਈ ਸੀ। ਅਗਰ ਦਸਤਾਰ ਬੀਬੀ ਨੂੰ ਸਜਾਉਣੀ ਜ਼ਰੂਰੀ ਨਹੀਂ ਸੀ ਤਾਂ ਸਤਿਗੁਰੂ ਨੇ ਕਿਉਂ ਸਜਾਉਣੀ ਸੀ? ਅੰਮ੍ਰਿਤ ਸੰਚਾਰ ਸਮੇਂ ਜੋ ਰਹਿਤ ਮਰਿਆਦਾ ਦੱਸੀ ਜਾਂਦੀ ਹੈ, ਉਸ ਅਨੁਸਾਰ ਲਾਜ਼ਮੀ ਰਹਿਤ ਪੰਜ ਕਕਾਰ ਹਨ।



ਚਾਰ ਬੱਜਰ ਕੁਰਹਿਤਾਂ ਵਿਚ ਕੇਸਾਂ ਦੀ ਬੇਅਦਬੀ, ਪਰਾਈ ਇਸਤ੍ਰੀ ਮਰਦ ਦਾ ਸੰਗ, ਮਾਸ ਖਾਣਾ, ਤਮਾਕੂ ਅਤੇ ਨਸ਼ਿਆਂ ਦਾ ਸੇਵਨ ਕਰਨਾ ਹਨ। ਕੇਸਕੀ ਛੋਟੀ ਦਸਤਾਰ ਕੇਸਾਂ ਦੀ ਬੇਅਦਬੀ ਰੋਕਣ ਲਈ। ਇਥੇ ਪੰਜਵਾਂ ਕਕਾਰ ਕੇਸ ਨਹੀਂ ਬਣਦਾ ਕਿਉਂਕਿ ਕੇਸ ਤਾਂ ਪਹਿਲਾਂ ਹੀ ਚਾਰ ਬੱਜਰ ਕੁਰਹਿਤਾਂ ਵਿਚ ਆ ਜਾਂਦੇ ਹਨ। ਇਥੇ ਪੰਜਵਾਂ ਕਕਾਰ ਕੇਸਕੀ ਹੀ ਬਣਦੀ ਹੈ। ਕਈ ਦਫ਼ਾ ਦੇਖਣ ਵਿਚ ਆਇਆ ਹੈ, ਕੀ ਮਰਦ, ਕੀ ਇਸਤ੍ਰੀਆਂ ਬਾਥਰੂਮ 'ਚ ਨੰਗੇ ਸਿਰ ਹੀ ਜਾਂਦੇ ਦੇਖੇ ਗਏ ਹਨ। ਨੰਗੇ ਸਿਰ ਪਰਸ਼ਾਦਾ ਛਕਦੇ ਵੀ ਦੇਖੇ ਗਏ ਹਨ। ਕੀ ਉਹ ਕੇਸਾਂ ਦੀ ਬੇਅਦਬੀ ਨਹੀਂ ਹੁੰਦੀ? ਜਦੋਂਕਿ ਰਹਿਤਨਾਮਿਆਂ ਵਿਚ ਸਿੱਖ ਲਈ ਨੰਗੇ ਸਿਰ ਖਾਣਾ, ਨੰਗੇ ਸਿਰ ਨਹਾਉਣਾ ਜਾਂ ਜੰਗਲ-ਪਾਣੀ ਜਾਣਾ ਸਖ਼ਤੀ ਨਾਲ ਵਿਵਰਜਿਤ ਹੈ। ਇਸ ਲਈ ਕੇਸਕੀ ਸਜਾਉਣਾ 'ਸਾਬਤ ਸੂਰਤਿ ਦਸਤਾਰ ਸਿਰਾ' ਦੇ ਹੁਕਮ 'ਤੇ ਫੁਲ ਚੜ੍ਹਾਉਣਾ ਜ਼ਰੂਰੀ ਹੈ। "ਜਬ ਇਹ ਗਹੈ ਬਿਪਰਨ ਕੀ ਰੀਤ, ਮੈ ਨ ਕਰਉ ਇਨ ਕੀ ਪਰਤੀਤ" ਇਹ ਸਤਿਗੁਰੂ ਦਸਮ ਪਾਤਿਸ਼ਾਹ ਦਾ ਹੁਕਮ ਹੈ। ਇਹ ਹੁਣ ਸਿੱਖ ਕੌਮ ਨੇ ਹੀ ਫ਼ੈਸਲਾ ਕਰਨਾ ਹੈ ਕਿ ਕੀ ਕਰਨਾ ਹੈ? ਇਸ ਗੱਲ ਵੱਲ ਸਾਡੇ ਜਥੇਦਾਰਾਂ ਔਰ ਸਿੱਖ ਕੌਮ ਦੇ ਬੁੱਧੀਜੀਵੀਆਂ ਨੂੰ ਧਿਆਨ ਦੇਣਾ ਲੋੜੀਂਦਾ ਹੈ।

ਭਗਤ ਪੂਰਨ ਸਿੰਘ ਦਸਤਾਰ ਦੀ ਮਹੱਤਤਾ ਅਤੇ ਸਿੱਖੀ ਮਰਿਆਦਾ ਵਿਚ ਲੋੜੀਂਦੀ ਹੋਣ ਬਾਰੇ ਇਉਂ ਲਿਖਦੇ ਹਨ :

ਬੀਬੀਆਂ ਦਸਤਾਰ ਕਿਉਂ ਸਜਾਉਣ ਅਤੇ ਉਪਰ ਦੀ ਕਿਰਪਾਨ ਕਿਉਂ ਪਹਿਨਣ? ਅਗਰ ਬੀਬੀਆਂ ਦਸਤਾਰ ਸਜਾਉਣ ਅਤੇ ਉਪਰ ਦੀ ਕਿਰਪਾਨ ਪਾਉਣ ਤਾਂ ਬੁਰੀ ਨਜ਼ਰ ਵਾਲਾ ਕਦੇ ਵੀ ਉਨ੍ਹਾਂ ਵੱਲ ਬੁਰੀ ਨਜ਼ਰ ਨਾਲ ਨਹੀਂ ਦੇਖ ਸਕਦਾ ਬਲਕਿ ਉਸ ਨੂੰ ਨਮਸ਼ਕਾਰ ਕਰਕੇ ਅੱਗੇ ਜਾਵੇਗਾ। ਅਗਰ ਬੀਬੀਆਂ ਇਸ ਤਰ੍ਹਾਂ ਹੋਣ ਤਾਂ ਇਹ ਜੋ ਹੁਣ ਰੇਪ ਦੇ ਕੇਸ ਹੋ ਰਹੇ ਹਨ ਇਕ ਵੀ ਨਾ ਹੁੰਦਾ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਹੁਕਮ "ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ" ਹੈ ਜੋ ਸਭ ਲਈ ਇਕੋ ਹੁਕਮ ਹੈ। ਪ੍ਰਥਾਏ ਸਾਖੀ ਮਹਾਂਪੁਰਖ ਬੋਲਦੇ, ਸਾਂਝੀ ਸਗਲ ਜਹਾਨੇ।

# ਵਿਸਾਖੀ ੧੯੭੮ ਦੇ ਸ਼ਹੀਦੀ ਸਾਕੇ ਦੇ ਸਬਕ

**ਬਲਜੀਤ ਸਿੰਘ 'ਖ਼ਾਲਸਾ'**

ਜਦੋਂ ਕਿਸੇ ਦੇਸ਼ ਨੇ ਦੂਜੇ ਦੇਸ਼ ਨੂੰ ਕਮਜ਼ੋਰ ਕਰਨਾ ਹੋਵੇ ਤਾਂ ਉਹ ਹੋਰ ਸਾਧਨਾਂ ਦੇ ਨਾਲ ਨਾਲ ਦੇਸ਼ ਦੀ ਜ਼ਾਅਲੀ ਕਰੰਸੀ ਛਪਵਾ ਕੇ ਉਸ ਦੇਸ਼ ਵਿਚ ਭੇਜਦਾ ਹੈ, ਜਿਵੇਂ ਕਿ ਕੋਈ ਘਟੀਆ ਕੰਪਨੀ ਕਿਸੇ ਦੂਜੀ ਪ੍ਰਸਿੱਧ ਕੰਪਨੀ ਨੂੰ ਫ਼ੇਲ੍ਹ ਕਰਨ ਲਈ ਉਸ ਦਾ ਮਾਲ ਤਿਆਰ ਕਰਵਾ ਕੇ ਬਾਜ਼ਾਰ ਵਿਚ ਉਤਾਰ ਦਿੰਦੀ ਹੈ। ਇਸ ਤਰ੍ਹਾਂ ਦੀ ਛੋਟੀ ਸੋਚ ਅਧੀਨ ਜਦੋਂ ਇਕ ਕੌਮ ਦੂਜੀ ਕੌਮ ਨੂੰ ਕਮਜ਼ੋਰ ਕਰਨ ਲਈ ਘਟੀਆ ਹੱਥਕੰਡੇ ਵਰਤਣ 'ਤੇ ਉਤਰ ਆਵੇ ਤਾਂ ਉਹ ਵਿਰੋਧੀ ਕੌਮ ਦੇ ਧਰਮ ਅਤੇ ਪਰੰਪਰਾਵਾਂ ਦਾ ਹੀ ਇਕ ਜਾਅਲੀ ਰੂਪ ਮੈਦਾਨ ਵਿਚ ਉਤਾਰ ਦਿੰਦੀ ਹੈ। ਭਾਰਤ ਦੇਸ਼ 'ਤੇ ਕਾਬਜ਼ ਬਿਪਰਵਾਦੀ ਸਰਕਾਰ ਸਿੱਖਾਂ ਨਾਲ ਇਹ ਹਰਬਾ ਵੀ ਪਿਛਲੇ ਲੰਮੇਂ ਸਮੇਂ ਤੋਂ ਵਰਤਦੀ ਆ ਰਹੀ ਹੈ। ਇਸੇ ਨੀਤੀ ਅਧੀਨ ਇਕ ਤੋਂ ਬਾਅਦ ਇਕ ਨਕਲੀ ਗੁਰੂ ਸਿੱਖੀ ਭੇਸ ਵਿਚ ਪੰਜਾਬ ਵਿਚ ਸਰਗਰਮ ਕੀਤਾ ਜਾਂਦਾ ਰਿਹਾ ਹੈ ਤੇ ਇਹ ਨੀਤੀ ਅਜੇ ਵੀ ਬੇ-ਰੋਕ ਟੋਕ ਜਾਰੀ ਹੈ।

ਦਰਅਸਲ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਸਮਾਜ ਅੰਦਰ ਗੁਰੂ ਦਾ ਰੁਤਬਾ ਅਜਿਹਾ ਮਾਮੂਲੀ ਸੀ ਜਿਸ ਤੋਂ ਕਿਸੇ ਜ਼ਾਲਮ ਹਕੂਮਤ ਨੂੰ ਖ਼ਤਰਾ ਤਾਂ ਕੀ ਖ਼ੌਫ ਵੀ ਨਹੀਂ ਸੀ ਹੁੰਦਾ, ਸਗੋਂ ਉਲਟਾ 'ਗੁਰੂ' ਅਖਵਾਉਣ ਵਾਲੇ ਚਾਲਾਕ ਤੇ ਪਾਖੰਡੀ ਲੋਕ ਆਮ ਲੋਕਾਂ ਅੰਦਰ ਹਕੂਮਤ ਅਤੇ ਹਾਕਮ ਪ੍ਰਤੀ ਰੱਬ ਵਰਗੀ ਸ਼ਰਧਾ ਪੈਦਾ ਕਰਨ ਦੀ ਭੂਮਿਕਾ ਨਿਭਾਉਂਦੇ ਸਨ। ਗੁਰੂ ਨਾਨਕ ਸਾਹਿਬ ਕੇਵਲ ਹਿੰਦੁਸਤਾਨੀ ਸਮਾਜ ਹੀ ਨਹੀਂ, ਬਲਕਿ ਪੂਰੇ ਵਿਸ਼ਵ ਲਈ ਇਕ ਆਦਰਸ਼ ਧਾਰਮਿਕ ਰਹਿਬਰ ਸਨ ਜਿਨ੍ਹਾਂ ਨੇ ਸਮਾਜ ਦੇ ਹਰ ਖੇਤਰ ਸਮੇਤ ਰਾਜਸੀ ਖੇਤਰ ਅੰਦਰ ਵੀ ਤਾਕਤ ਦੀ ਹੋ ਰਹੀ ਦੁਰਵਰਤੋਂ ਅਤੇ ਸਵਾਰਥੀ ਨੀਤੀ ਦੀ ਤਿੱਖੀ ਆਲੋਚਨਾ ਕੀਤੀ। ਕੇਵਲ ਆਲੋਚਨਾ ਹੀ ਨਹੀਂ, ਮਜ਼ਲੂਮਾਂ ਦੇ ਸ਼ੋਸ਼ਣ ਦੇ ਸਾਧਨ ਬਣ ਚੁੱਕੇ ਇਸ ਸਮੁੱਚੇ ਢਾਂਚੇ ਨੂੰ ਬਦਲਣ ਲਈ ਇਕ ਅਜਿਹਾ ਇਨਕਲਾਬੀ ਵੇਗ ਪੈਦਾ ਕੀਤਾ ਕਿ ਖੁਦ ਨੂੰ ਅਜਿੱਤ ਸਮਝਣ ਵਾਲੇ ਜਾਬਰ ਹਾਕਮਾਂ ਦੇ ਤਖ਼ਤ ਥਰਥਰਾ ਉਠੇ। ਉਨ੍ਹਾਂ ਨੇ ਆਪਣਾ ਹਰ ਇਕ ਹਰਬਾ ਵਰਤ ਕੇ ਇਸ ਖ਼ਾਲਸਈ ਇਨਕਲਾਬੀ ਧਾਰਾ ਨੂੰ ਠੱਲ੍ਹਣ ਦੇ ਯਤਨ ਕੀਤੇ, ਪਰ ਸਿੱਖ ਇਨਕਲਾਬ ਨੂੰ ਕੋਈ ਵੀ ਹਕੂਮਤੀ ਹਰਬਾ ਰੋਕ ਨਾ ਸਕਿਆ। ਇਕ ਜਾਬਰ ਤੇ ਲੋਟੂ ਸਿਸਟਮ ਨੂੰ ਬਦਲ ਕੇ ਲੋਕ ਸੇਵਾ ਵਾਲਾ ਇਕ ਆਦਰਸ਼ ਸਿਸਟਮ ਸਿਰਜਣ ਵਾਲੇ ਖ਼ਾਲਸਈ ਇਨਕਲਾਬ ਦੀਆਂ ਪੈੜਾਂ ਹੌਲੀ-ਹੌਲੀ ਇਕ ਮਹਾਨ ਇਤਿਹਾਸ ਦਾ ਹਿੱਸਾ ਬਣ ਗਈਆਂ। ਇਸ ਇਤਿਹਾਸਕ ਧਰਾਤਲ 'ਤੇ ਪਈ ਵਰਤਮਾਨ ਦੀ ਹਰ ਇਕ ਤਹਿ ਉਪਰ ਨਵੇਂ-ਨਵੇਂ ਹਕੂਮਤੀ ਸਿਸਟਮ ਵੀ ਸਮੇਂ-ਸਮੇਂ ਉਸਰਦੇ ਰਹੇ ਪਰ ਖ਼ਾਲਸਈ ਇਨਕਲਾਬ ਦੀਆਂ ਪੈੜਾਂ ਹਰ ਇਕ ਜਾਬਰ ਹਕੂਮਤ ਲਈ ਨਿਰੰਤਰ ਖ਼ਤਰੇ ਦਾ ਖਦਸ਼ਾ ਬਣੀਆਂ ਰਹੀਆਂ। ਹਰ ਚਾਲਾਕ ਤੇ ਜਾਬਰ ਹਕੂਮਤ ਇਹ ਸਹਿਜੇ ਹੀ ਸਮਝ ਜਾਂਦੀ ਹੈ ਕਿ ਗੁਰਬਾਣੀ ਵਿਚ ਇਸ ਇਨਕਲਾਬੀ ਵਿਚਾਰਧਾਰਾ ਦਾ ਮੂਲ ਆਧਾਰ ਅਤੇ ਲਹੂ ਭਿੱਜੇ ਖ਼ਾਲਸਈ ਇਤਿਹਾਸ ਵਿਚ ਇਸ ਇਨਕਲਾਬ ਨੂੰ ਇਕ ਵਾਰ ਫ਼ਿਰ ਦੁਹਰਾਉਣ ਦੀ ਪ੍ਰੇਰਨਾ ਲੁਕੀ ਹੋਈ ਹੈ। ਇਹੀ ਕਾਰਨ ਹੈ ਕਿ ਹਰ ਇਕ ਹਕੂਮਤ ਸਿੱਖ ਅਖਵਾਉਣ ਵਾਲਿਆਂ ਨੂੰ ਵੀ ਆਪਣੇ ਮੂਲ ਅਥਵਾ ਪਿਛੋਕੜ ਨਾਲੋਂ ਤੋੜ ਕੇ ਕਿਸੇ ਹੋਰ ਹੀ ਔਝੜੇ ਰਾਹ 'ਤੇ ਭਟਕਾ ਦੇਣ ਲਈ ਹਰ ਸੰਭਵ ਯਤਨ ਕਰਦੀ ਹੈ।

ਗੁਰੂ ਨਾਨਕ ਸਾਹਿਬ ਦਾ ਸਿੱਖ ਅਖਵਾਉਣ ਵਾਲੇ ਹਰ ਸ਼ਖ਼ਸ ਨੂੰ ਸਿੱਖ ਬਣਨ ਲਈ ਆਪਣੇ ਮੂਲ ਦੀ ਪਛਾਣ ਕਰਨੀ ਪੈਂਦੀ ਹੈ ਅਤੇ ਮੂਲ ਨਾਲ ਜੁੜਨ ਲਈ ਆਪਣੇ ਗੁਰੂ ਦੇ ਰੂ-ਬ-ਰੂ ਹੋਣਾ ਪੈਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂ-ਬ-ਰੂ ਹੋ ਕੇ ਸਿੱਖ ਜਦੋਂ ਆਪਣੇ ਮੂਲ ਦੀ ਖੋਜ ਕਰਦਾ ਹੈ ਉਸ ਵਿਚ ਉਹ ਇਨਕਲਾਬੀ ਸਪਿਰਟ ਪੈਦਾ ਹੋ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ ਜਿਸ ਸਪਿਰਟ ਤੋਂ ਜਾਬਰ ਹਕੂਮਤਾਂ ਸਦਾ ਹੀ ਤਰਹਿੰਦੀਆਂ ਹਨ। ਮੁਗ਼ਲ ਹਕੂਮਤ ਸਮੇਂ ਪੰਜਾਬ ਵਿਚ ਚੱਲਦੇ ਸਿੱਖ ਸੰਘਰਸ਼ ਦੌਰਾਨ ਹਕੂਮਤ ਨੂੰ 'ਗੁਰੂ' ਸ਼ਬਦ ਏਨਾ ਖ਼ਤਰਨਾਕ ਲੱਗਣ ਲੱਗ ਪਿਆ ਸੀ ਕਿ ਇਕ ਵਿਸ਼ੇਸ਼ ਫ਼ਰਮਾਨ ਜਾਰੀ ਕਰਕੇ ਲੋਕਾਂ ਨੂੰ ਗੁੜ ਨੂੰ 'ਗੁੜ' ਕਹਿਣ ਦੀ ਬਜਾਏ 'ਰੋੜੀ' ਕਹਿਣ ਦਾ ਹੁਕਮ ਦਿੱਤਾ ਗਿਆ ਸੀ। ਦਲੀਲ ਇਹ ਸੀ ਕਿ ਗੁੜ ਕਹਿਣ ਨਾਲ 'ਗੁਰੂ' ਸ਼ਬਦ ਯਾਦ ਆ ਜਾਂਦਾ ਹੈ-'ਗੁਰੂ' ਸ਼ਬਦ ਜੋ ਕਿ ਸਿੱਖ ਅੰਦਰ ਇਕ ਨਵੀਂ ਪ੍ਰੇਰਨਾ ਦਾ ਲਖਾਇਕ ਸਮਝਿਆ ਜਾਣ ਲੱਗ ਪਿਆ ਸੀ।

ਵਿਸ਼ਾਲ ਮੁਗ਼ਲ ਹਕੂਮਤ ਉਪਰ ਖ਼ਾਲਸਈ ਫ਼ਤਹਿ ਨੇ ਜਦੋਂ ਤੱਕ ਇਕ ਇਤਿਹਾਸ ਦਾ ਦਰਜਾ ਹਾਸਲ ਕੀਤਾ, ਉਦੋਂ ਤੱਕ ਸਫ਼ਲ ਇਨਕਲਾਬ ਉਪਰੰਤ ਇਸ ਇਨਕਲਾਬੀ ਕਾਫ਼ਲੇ ਅੰਦਰ ਸਿਧਾਂਤਕ ਨਿਵਾਣ ਦਾ ਦੌਰ ਆਰੰਭ ਹੋ ਚੁੱਕਾ ਸੀ। ਉਹ ਦੌਰ, ਜਦੋਂ ਲਹੂ ਭਿੱਜੇ ਸਿੱਖ ਇਤਿਹਾਸ ਦੇ ਪੰਨਿਆਂ ਤੋਂ ਸੇਧ ਹਾਸਲ ਕਰਨ ਪ੍ਰਤੀ ਸਿੱਖਾਂ ਦੀ ਰੁਚੀ ਦਿਨ-ਬ-ਦਿਨ ਘੱਟ ਰਹੀ ਸੀ, ਜਦ ਕਿ ਇਸ ਦੀ ਵਿਸ਼ਾਲ ਹਕੂਮਤ ਉਪਰ ਨਜ਼ਰਾਂ ਟਿਕਾਈ ਸਤਲੁਜ ਪਾਰ ਬੈਠਾ ਦੁਸ਼ਮਣ, ਇਸ 'ਤੇ ਭਾਰੂ ਹੋਣ ਲਈ ਇਸ ਦੇ ਇਤਿਹਾਸ ਦਾ ਬੜੀ ਬਾਰੀਕੀ ਨਾਲ ਅਧਿਐਨ ਕਰ ਰਿਹਾ ਸੀ। ਦੁਸ਼ਮਣ ਦੀ ਇਸ 'ਦੂਰਅੰਦੇਸ਼ੀ' ਅਤੇ ਸਿੱਖਾਂ ਦੀ 'ਲਾਪਰਵਾਹੀ' ਵਿਚੋਂ 'ਦੇਗ ਤੇਗ ਫ਼ਤਿਹ' ਦੇ ਵਿਸ਼ਵਾਸ ਦੇ ਧਾਰਨੀ ਸਿੱਖਾਂ ਦੀਆਂ ਹਾਰਾਂ ਦਾ ਇਕ ਲੰਮਾ ਸਿਲਸਿਲਾ ਆਰੰਭ ਹੋਇਆ ਜਿਨ੍ਹਾਂ ਨੂੰ ਜਿੱਤ ਵਿਚ ਬਦਲਣਯੋਗ ਸਿਧਾਂਤਕ ਪ੍ਰਪੱਕਤਾ ਦੀ ਰੜਕਵੀਂ ਘਾਟ ਸਿੱਖਾਂ ਅੰਦਰ ਪੈਦਾ ਹੋ ਚੁੱਕੀ ਸੀ।

**ਉਹ ਦੌਰ, ਜਦੋਂ ਲਹੂ ਭਿੱਜੇ ਸਿੱਖ ਇਤਿਹਾਸ ਦੇ ਪੰਨਿਆਂ ਤੋਂ ਸੇਧ ਹਾਸਲ ਕਰਨ ਪ੍ਰਤੀ ਸਿੱਖਾਂ ਦੀ ਰੁਚੀ ਦਿਨ-ਬ-ਦਿਨ ਘੱਟ ਰਹੀ ਸੀ, ਜਦ ਕਿ ਇਸ ਦੀ ਵਿਸ਼ਾਲ ਹਕੂਮਤ ਉਪਰ ਨਜ਼ਰਾਂ ਟਿਕਾਈ ਸਤਲੁਜ ਪਾਰ ਬੈਠਾ ਦੁਸ਼ਮਣ, ਇਸ 'ਤੇ ਭਾਰੂ ਹੋਣ ਲਈ ਇਸ ਦੇ ਇਤਿਹਾਸ ਦਾ ਬੜੀ ਬਾਰੀਕੀ ਨਾਲ ਅਧਿਐਨ ਕਰ ਰਿਹਾ ਸੀ। ਦੁਸ਼ਮਣ ਦੀ ਇਸ 'ਦੂਰਅੰਦੇਸ਼ੀ' ਅਤੇ ਸਿੱਖਾਂ ਦੀ 'ਲਾਪਰਵਾਹੀ' ਵਿਚੋਂ 'ਦੇਗ ਤੇਗ ਫ਼ਤਿਹ' ਦੇ ਵਿਸ਼ਵਾਸ ਦੇ ਧਾਰਨੀ ਸਿੱਖਾਂ ਦੀਆਂ ਹਾਰਾਂ ਦਾ ਇਕ ਲੰਮਾ ਸਿਲਸਿਲਾ ਆਰੰਭ ਹੋਇਆ।**

ਸਿੱਖ ਬੇਸ਼ੱਕ ਹਾਰ ਗਏ ਸਨ ਤੇ ਵਿਦਵਤਾ ਦੀ ਘਾਟ ਕਾਰਨ ਉਨ੍ਹਾਂ ਦਾ ਇਕ ਵਿਸ਼ਾਲ ਸਮੂਹ ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਤੋਂ ਵਾਂਝਾ ਹੋਣ ਕਾਰਨ ਸਿੱਖੀ ਮਾਰਗ ਤੋਂ ਭਟਕ ਗਿਆ ਸੀ ਪਰ ਹਰ ਇਕ ਸਿੱਖ ਦੇ ਮਨ ਅੰਦਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਨਾਲ ਪੀਡੀ ਸਾਂਝ ਹੋਣ ਦੇ ਅੰਤਰ ਅਨੁਭਵ ਦਾ ਇਕ ਕਿਣਕਾ ਅੰਗਰੇਜ਼ ਹਕੂਮਤ ਲਈ ਵੱਡਾ ਖ਼ਤਰਾ ਸੀ। ਇਸੇ ਖ਼ਤਰੇ ਤੋਂ ਬਚਣ ਲਈ ਹੀ ਅੰਗਰੇਜ਼ਾਂ ਨੇ ਇਹ ਮਿੱਥ ਪ੍ਰਚੱਲਤ ਕਰਨ ਦਾ ਭਰਪੂਰ ਯਤਨ ਕੀਤਾ ਕਿ ਹਿੰਦ ਵਿਚ ਅੰਗਰੇਜ਼, ਗੁਰੂ ਤੇਗ ਬਹਾਦਰ ਸਾਹਿਬ ਦੇ ਵਰਦਾਨ ਨਾਲ ਹੀ ਆਏ ਹਨ। ਇਸ ਮਕਸਦ ਵਿਚ ਅੰਗਰੇਜ਼ ਕਾਫੀ ਹੱਦ ਤੱਕ ਸਫ਼ਲ ਵੀ ਹੋਏ ਪਰ ਇਸ ਦੇ ਉਤਰ ਵਿਚ ਸਿੱਖ ਵਿਦਵਾਨਾਂ ਨੇ ਜਦੋਂ ਇਕਦਮ ਸੰਭਾਲ ਕੇ ਝੰਡਾ ਚੁੱਕਿਆ ਤਾਂ ਸਿੱਖ ਸਿਧਾਂਤਕ ਪਰੰਪਰਾ ਅਨੁਸਾਰ ਸਹੀ ਹੋਣ ਕਾਰਨ ਇਹ 'ਇਤਿਹਾਸਕ ਸਿਧਾਂਤਕ ਸੱਚਾਈ' ਸੀਮਤ ਸਾਧਨਾਂ ਦੇ ਬਾਵਜੂਦ ਅੰਗਰੇਜ਼ ਹਕੂਮਤ ਦੀ ਪ੍ਰਚੱਲਤ ਕੀਤੀ 'ਮਿੱਥ' 'ਤੇ ਭਾਰੂ ਹੋ ਗਈ। ਫਿਰ ਪੂਰੇ ਹਿੰਦੁਸਤਾਨ ਦੀ ਧਰਤੀ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਵਲੋਂ ਕੀਤੀ ਜੱਦੋਜਹਿਦ ਗਵਾਹੀ ਭਰਦੀ ਹੈ ਕਿ ਓੜਕ ਸਿੱਖਾਂ ਨੇ ਇਸ ਮਿੱਥ ਨੂੰ ਨਕਾਰ ਦਿੱਤਾ ਸੀ।

ਮੁਗ਼ਲ ਤੇ ਅੰਗਰੇਜ਼ਾਂ ਤੋਂ ਪਿੱਛੋਂ ਸਿੱਖਾਂ ਦਾ ਵਾਹ ਅਜਿਹੇ ਹਾਕਮਾਂ ਨਾਲ ਪਿਆ, ਜਿਨ੍ਹਾਂ ਨੂੰ ਸਿੱਖ ਕਸ਼ਮੀਰੀ ਪੰਡਤਾਂ ਦੇ ਵਾਰਸ ਹੋਣ ਕਾਰਨ ਆਪਣੇ ਕਰਜ਼ਦਾਰ ਸਮਝਦੇ ਸਨ ਪਰ ਉਨ੍ਹਾਂ ਦੇ ਮਨ ਵਿਚ ਸਿੱਖਾਂ ਪ੍ਰਤੀ ਕੀ ਨੀਤੀ ਸੀ ਇਹ ਹੌਲੀ-ਹੌਲੀ ਸਾਹਮਣੇ ਆਉਣ ਲੱਗੀ। ਜਦੋਂ ਤੱਕ ਸਿੱਖ ਆਗੂਆਂ ਨੂੰ ਇਹ ਅਹਿਸਾਸ ਹੋਇਆ ਕਿ ਸਿੱਖ ਪੰਥ ਦੀ ਆਜ਼ਾਦ ਹਸਤੀ ਪ੍ਰਤੀ ਇਸ ਹਕੂਮਤ ਦੀ ਨੀਤੀ ਵੀ ਮੁਗ਼ਲ ਅਥਵਾ ਅੰਗਰੇਜ਼ ਹਕੂਮਤ ਤੋਂ ਵੱਖਰੀ ਨਹੀਂ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਸਿੱਖ ਬੌਧਿਕਤਾ ਨੂੰ ਇਹ ਅਹਿਸਾਸ ਵੀ ਬੜੇ ਚਿਰ ਬਾਅਦ ਹੋਇਆ ਕਿ ਸਿੱਖ ਮਾਨਸਿਕਤਾ ਵਿਚ ਟਿਮਟਿਮਾਉਂਦੇ 'ਗੁਰੂ' ਨਾਲ ਰੂਹਾਨੀ ਸਾਂਝ ਦੇ ਕਿਣਕੇ ਨੂੰ ਗੁੰਮਰਾਹ ਕਰਨ ਲਈ ਸਿੱਖ ਸਮੂਹ ਦੇ ਦੁਆਲੇ ਸਿੱਖੀ ਭੇਸ ਵਿਚ ਪਾਖੰਡੀ ਤੇ ਦੰਭੀ ਗੁਰੂਆਂ ਦਾ ਇਕ ਚੱਕਰਵਿਊ ਵਿਸ਼ੇਸ਼ ਯਤਨਾਂ ਰਾਹੀਂ ਸਿਰਜਿਆ ਜਾ ਰਿਹਾ ਹੈ, ਜੋ ਕਿ ਸਿੱਖ ਮਾਨਸਿਕਤਾ ਵਿਚੋਂ ਆਜ਼ਾਦ ਹਸਤੀ ਦੇ ਅਹਿਸਾਸ ਨੂੰ ਖ਼ਤਮ ਕਰਕੇ ਫਿਰ ਤੋਂ ਉਸ ਭੀੜ ਦਾ ਰੂਪ ਦੇ ਦੇਣ ਲਈ ਯਤਨਸ਼ੀਲ ਹੈ ਜਿਸ ਭੀੜ ਨੂੰ ਗੁਰੂ ਨਾਨਕ ਸਾਹਿਬ ਨੇ 'ਅੰਧੀ ਰਯਤਿ ਗਿਆਨ ਵਿਹੂਣੀ' ਕਿਹਾ ਸੀ।

ਗੁਰਮਤਿ ਵਿਚਾਰਧਾਰਾ ਨਾਲ ਸ਼ਰਸ਼ਾਰ 'ਸਿੱਖ ਬੌਧਿਕਤਾ' ਨੇ ਜਦੋਂ ਸਿੱਖ ਮਾਨਸਿਕਤਾ ਨੂੰ ਇਸ ਕੂੜੇ ਗੁਰੂ-ਡੰਮ੍ਹ ਦੇ ਚੱਕਰਵਿਊ ਤੋਂ ਸੁਚੇਤ ਕਰਨ ਦਾ ਬੀੜਾ ਚੁੱਕਿਆ ਤਾਂ ਹਕੂਮਤੀ ਥਾਪੜੇ ਨਾਲ ਚਾਂਭਲੇ ਅਤੇ ਭੋਲੇ-ਭਾਲੇ ਸਿੱਖਾਂ ਦੀ ਇਕ ਵੱਡੀ ਗਿਣਤੀ ਨੂੰ ਗੁੰਮਰਾਹ ਕਰਨ ਵਿਚ ਸਫ਼ਲ ਹੋ ਚੁੱਕੇ ਦੰਭੀ ਗੁਰੂਆਂ ਦੇ ਵੱਗ, ਸਿੱਖ ਬੌਧਿਕਤਾ ਨੂੰ ਆਪਣੀ ਤਾਕਤ ਨਾਲ ਡਰਾਉਣ 'ਤੇ ਉਤਰ ਆਏ। ਇਨ੍ਹਾਂ ਵਿਚੋਂ ਆਪਣੇ ਆਪ ਨੂੰ 'ਨਿਰੰਕਾਰੀ' ਅਖਵਾਉਣ ਵਾਲਾ ਗੁਰੂ-ਡੰਮ੍ਹ ਆਪਣੀ ਤਾਕਤ ਦੇ ਭੁਲੇਖੇ ਵਿਚ ਆਪਣੇ ਕੂੜ ਦੰਭ ਦੀਆਂ ਹੱਦਾਂ ਉਲੰਘ ਗਿਆ ਤੇ ਉਸ ਨੇ ਸਿੱਖ ਬੌਧਿਕਤਾ ਨੂੰ ਚਿੜ੍ਹਾਉਣ ਲਈ ਗੁਰੂ ਨਾਨਕ ਸਾਹਿਬ-ਗੁਰੂ ਗੋਬਿੰਦ ਸਿੰਘ ਦਾ ਅਵਤਾਰ ਅਖਵਾਉਣ ਦੇ ਨਾਲ-ਨਾਲ ਖੁੱਲ੍ਹੇ ਰੂਪ ਵਿਚ ਗੁਰੂ ਸਾਹਿਬਾਨ ਦੀਆਂ ਨਕਲਾਂ ਉਤਾਰਨੀਆਂ ਆਰੰਭ ਦਿੱਤੀਆਂ। ਇਸ ਨਕਲੀ ਗੁਰੂ-ਡੰਮ੍ਹ ਦੇ ਪੈਰੋਕਾਰਾਂ ਅਤੇ ਗੁਰਮਤਿ ਨੂੰ ਸਮਰਪਿਤ ਚੋਣਵੇਂ ਸਿੱਖਾਂ ਦੀਆਂ ਨਿੱਕੀਆਂ-ਨਿੱਕੀਆਂ ਕਈ ਝੜਪਾਂ ਪਿੱਛੋਂ ਇਹ ਦੰਭੀ ਗੁਰੂ ਹੋਰ ਚਾਂਭਲ ਗਿਆ ਤੇ ਇਸ ਨੇ ਖੁੱਲ੍ਹੇਆਮ ਸ਼ਬਦ-ਗੁਰੂ ਦੇ ਸਿਧਾਂਤ ਦਾ ਮਖੌਲ ਉਡਾਉਣਾ ਤੇ ਸਿੱਖਾਂ ਨੂੰ ਚਿੜ੍ਹਾਉਣਾ ਆਰੰਭ ਕਰ ਦਿੱਤਾ।

੧੩ ਅਪ੍ਰੈਲ ੧੯੭੮ ਦੀ ਵਿਸਾਖੀ ਆਜ਼ਾਦ ਹਿੰਦੁਸਤਾਨ ਅੰਦਰ ਗ਼ੁਲਾਮੀ ਦਾ ਸਫ਼ਰ ਕਰਦੇ ਸਿੱਖ ਕਾਫ਼ਲੇ ਦੇ ਸਫ਼ਰ ਵਿਚ ਇਕ ਅਹਿਮ ਮੋੜ ਹੋ ਨਿਬੜੀ। ਇਹ ਉਹ ਸਮਾਂ ਸੀ ਜਦੋਂ ਗੁਰਮਤਿ ਨੂੰ ਸਮਰਪਿਤ ਕੁਝ ਚੋਣਵੇਂ ਸਿੱਖਾਂ ਨੇ ਆਪਣੇ ਗੁਰੂ ਨਾਲ ਰੂਹਾਨੀ ਸਾਂਝ ਨੂੰ ਦਰਸਾਉਣ ਲਈ ਆਪਣੇ ਸਰੀਰਾਂ ਦੇ ਠੀਕਰੇ ਭੰਨ ਕੇ ਅਗਿਆਨਤਾ ਦੇ ਹਨ੍ਹੇਰੇ ਵਿਚ ਭਟਕਦੀ ਗੁਰੂ ਨੂੰ ਤਲਾਸ਼ ਰਹੀ ਵੱਡੀ ਸਿੱਖ ਗਿਣਤੀ ਨੂੰ ਅਸਲ ਗੁਰੂ ਦੀ ਗਲੀ ਦੇ ਰਾਹ ਤੋਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ। ਨਕਲੀ ਨਿਰੰਕਾਰੀ ਮਿਸ਼ਨ ਦੇ ਸੰਚਾਲਕ, ਨਕਲੀ ਗੁਰੂ ਗੁਰਬਚਨ ਸਿੰਹੁ ਨੇ ਖ਼ਾਲਸੇ ਦੇ ਜਨਮ ਦਿਹਾੜੇ ਵਿਸਾਖੀ ਨੂੰ ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਪਣਾ ਕੂੜ ਸਮਾਗਮ ਰੱਖ ਲਿਆ। ਦਰਅਸਲ




ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿੰਹੁ ਅੰਮ੍ਰਿਤਸਰ ਵਿਖੇ ੧੩ ਅਪ੍ਰੈਲ ੧੯੭੮ ਨੂੰ ਰੱਥ 'ਤੇ ਬੈਠ ਕੇ ਉਸ ਜਲੂਸ ਦੀ ਅਗਵਾਈ ਕਰਦਾ ਹੋਇਆ, ਜਿਸ ਦੌਰਾਨ ਸਿੱਖ ਗੁਰੂ ਸਾਹਿਬਾਨ ਦਾ ਘੋਰ ਅਪਮਾਨ ਕੀਤਾ ਗਿਆ ਸੀ।

ਇਹ ਦੰਭੀ ਗੁਰੂ-ਡੰਮ੍ਹ ਤੋਂ ਸਿੱਖਾਂ ਨੂੰ ਸੁਚੇਤ ਕਰ ਰਹੀ ਸਿੱਖ ਬੌਧਿਕਤਾ ਨੂੰ ਚਿੜ੍ਹਾਉਣ ਦਾ ਇਕ ਵੱਡਾ ਯਤਨ ਸੀ। ਸੱਚੇ ਗੁਰੂ ਨੂੰ ਸਮਰਪਿਤ ਸਿੱਖਾਂ ਲਈ ਇਕ ਕੋਝੇ ਹਮਲੇ ਨੂੰ ਚੁੱਪ-ਚਾਪ ਸਹਾਰ ਜਾਣਾ ਅਸਹਿ ਸੀ, ਜਿਸ ਕਾਰਨ ਉਹ ਰੋਸ ਪ੍ਰਗਟ ਕਰਨ ਲਈ ਇਸ ਸਮਾਗਮ ਵੱਲ ਤੁਰ ਪਏ। ਦੰਭੀ ਗੁਰੂ-ਡੰਮ੍ਹ ਦੇ ਪੈਰੋਕਾਰ ਅਤੇ ਸਰਪ੍ਰਸਤ ਇਸ ਭੁਲੇਖੇ ਵਿਚ ਸਨ ਕਿ ਜੇਕਰ ਇਕ ਵਾਰ ਗੁਰਮਤਿ ਸਿਧਾਂਤਕ ਪਰੰਪਰਾ ਦਾ ਹੋਕਾ ਦੇ ਰਹੇ ਘੱਟ-ਗਿਣਤੀ ਸਿੱਖਾਂ ਨੂੰ ਡਰਾ ਜਾਂ ਖਦੇੜ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਰਾਹਾਂ ਵਿਚੋਂ ਮਾੜੀ-ਮੋਟੀ ਰੁਕਾਵਟ ਵੀ ਦੂਰ ਹੋ ਜਾਵੇਗੀ ਪਰ ਤੇਰ੍ਹਾਂ ਸ਼ਾਂਤਮਈ ਸਿੱਖਾਂ ਨੂੰ ਗੋਲੀਆਂ ਨਾਲ ਭੁੰਨ ਕੇ ਵੀ ਇਹ ਜੁੰਡਲੀ ਸਿੱਖਾਂ ਨੂੰ ਡਰਾਉਣ ਤੇ ਖਦੇੜਨ ਵਿਚ ਅਸਫ਼ਲ ਹੋ ਗਈ। ਸਗੋਂ ਗੁਰਮਤਿ ਨੂੰ ਸਮਰਪਿਤ ਸਿੱਖਾਂ ਦੇ ਡੁੱਲ੍ਹੇ ਲਹੂ ਨੇ ਸਿੱਖ ਮਾਨਸਿਕਤਾ ਵਿਚੋਂ 'ਗੁਰੂ' ਪ੍ਰਤੀ ਪੈਦਾ ਹੋ ਚੁੱਕੀ ਉਸ ਅਗਿਆਨਤਾ ਦੀ ਮੈਲ਼ ਨੂੰ ਚਮਤਕਾਰੀ ਢੰਗ ਨਾਲ ਧੋ ਸੁੱਟਿਆ, ਜਿਸ ਨੂੰ ਧੋਣ ਲਈ ਬੌਧਿਕ ਖੇਤਰ ਵਿਚ ਬਹੁਤ ਹੀ ਕਰੜੀ ਘਾਲਣਾ ਘਾਲਣੀ ਪੈ ਰਹੀ ਸੀ।

**ਦੰਭੀ ਗੁਰੂ-ਡੰਮ੍ਹ ਦੇ ਪੈਰੋਕਾਰ ਅਤੇ ਸਰਪ੍ਰਸਤ ਇਸ ਭੁਲੇਖੇ ਵਿਚ ਸਨ ਕਿ ਜੇਕਰ ਇਕ ਵਾਰ ਗੁਰਮਤਿ ਸਿਧਾਂਤਕ ਪਰੰਪਰਾ ਦਾ ਹੋਕਾ ਦੇ ਰਹੇ ਘੱਟ-ਗਿਣਤੀ ਸਿੱਖਾਂ ਨੂੰ ਡਰਾ ਜਾਂ ਖਦੇੜ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਰਾਹਾਂ ਵਿਚੋਂ ਮਾੜੀ-ਮੋਟੀ ਰੁਕਾਵਟ ਵੀ ਦੂਰ ਹੋ ਜਾਵੇਗੀ ਪਰ ਤੇਰ੍ਹਾਂ ਸ਼ਾਂਤਮਈ ਸਿੱਖਾਂ ਨੂੰ ਗੋਲੀਆਂ ਨਾਲ ਭੁੰਨ ਕੇ ਵੀ ਇਹ ਜੁੰਡਲੀ ਸਿੱਖਾਂ ਨੂੰ ਡਰਾਉਣ ਤੇ ਖਦੇੜਨ ਵਿਚ ਅਸਫ਼ਲ ਹੋ ਗਈ।**


੧੩ ਅਪ੍ਰੈਲ ੧੯੭੮ ਨੂੰ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਡੁੱਲ੍ਹੇ ਸਿੱਖਾਂ ਦੇ ਪਾਵਨ ਲਹੂ ਨਾਲ ਲਿਖੀ ਗਈ 'ਨਕਲੀ ਗੁਰੂ' ਤੇ 'ਅਸਲ ਗੁਰੂ' ਦੀ ਦਾਸਤਾਨ ਨੂੰ ਪੜ੍ਹਨ ਵਿਚ ਸਿੱਖ ਅਵਾਮ ਨੇ ਡੂੰਘੀ ਦਿਲਚਸਪੀ ਵਿਖਾਈ। ਇਹੀ ਕਾਰਨ ਸੀ ਕਿ ਅਗਿਆਨਤਾ ਦਾ ਸ਼ਿਕਾਰ ਸਿੱਖ ਭਾਈਚਾਰੇ ਅੰਦਰ ਇਸ ਘਟਨਾ ਪਿੱਛੋਂ ਸਿਧਾਂਤਕ ਜਾਗ੍ਰਿਤੀ ਦਾ ਇਕ ਦੌਰ ਆਰੰਭ ਹੋਇਆ। ਇਸ ਜਾਗ੍ਰਿਤੀ ਦੇ ਨਾਲ ਹੀ ਅੰਮ੍ਰਿਤਸਰ ਸਾਕੇ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਤੜਪ ਵੀ ਪੈਦਾ ਹੋਈ। ਕੋਈ ਦੋ ਰਾਵਾਂ ਨਹੀਂ ਕਿ ਜੇਕਰ ਦੋਸ਼ੀਆਂ ਨੂੰ ਬਣਦੀ ਸਜ਼ਾ ਤੋਂ ਬਚਾਉਣ ਲਈ ਹਿੰਦੁਸਤਾਨੀ ਹਕੂਮਤ ਆਪਣੀ ਤਾਕਤ ਤੇ ਆਪਣੇ ਪ੍ਰਭਾਵ ਨਾ ਵਰਤਦੀ ਅਤੇ ਦੋਸ਼ੀਆਂ ਨੂੰ ਅਦਾਲਤ ਰਾਹੀਂ ਸਜ਼ਾ ਮਿਲ ਜਾਂਦੀ ਤਾਂ ਸ਼ਾਇਦ ਦੋਸ਼ੀਆਂ ਨਾਲ ਖੁਦ ਸਿੱਝਣ ਵਾਲੀ ਸਿੱਖ ਜੁਝਾਰੂ ਧਾਰਾ ਨੂੰ ਉਹ ਵਿਸ਼ਾਲ ਹਮਾਇਤ ਪ੍ਰਾਪਤ ਨਾ ਹੁੰਦੀ, ਜੋ ਕਿ ਇਸ ਘਟਨਾਕ੍ਰਮ ਤੋਂ ਬਾਅਦ ਪ੍ਰਾਪਤ ਹੋਈ।

ਖੈਰ, ਇਨ੍ਹਾਂ ਹਕੂਮਤੀ ਗ਼ਲਤੀਆਂ ਦੇ ਸਿੱਟੇ ਕੇਵਲ ਸਿੱਖ ਅਵਾਮ ਨੂੰ ਹੀ ਨਹੀਂ, ਬਲਕਿ ਪੂਰੇ ਦੇਸ਼ ਨੂੰ ਭੁਗਤਣੇ ਪਏ ਹਨ। ਪਰ ਪੂਰੇ ਡੇਢ ਦਹਾਕੇ ਮੱਚੀ ਰਹੀ ਅੱਗ ਦੇ ਭਾਂਬੜ ਸ਼ਾਂਤ ਹੋਣ ਪਿੱਛੋਂ ਵੀ ਜੇਕਰ ਸਿੱਖ ਵਿਰੋਧੀ ਦੰਭੀ ਗੁਰੂਆਂ ਪ੍ਰਤੀ ਸਰਕਾਰੀ ਨੀਤੀ ਦੀ ਪੜਚੋਲ ਕੀਤੀ ਜਾਵੇ ਤਾਂ ਹੈਰਾਨੀ ਹੁੰਦੀ ਹੈ ਕਿ ਸਰਕਾਰ ਨੇ ਉਸ ਡੇਢ ਦਹਾਕੇ ਦੀ ਹਿੰਸਾ ਤੋਂ ਵੀ ਕੋਈ ਸਬਕ ਸਿੱਖਣਾ ਜ਼ਰੂਰੀ ਨਹੀਂ ਸਮਝਿਆ।

ਅੱਜ ਵੀ ਨਕਲੀ ਨਿਰੰਕਾਰੀਆਂ ਦੀ ਤਰਜ਼ 'ਤੇ ਕਿਸੇ ਭਨਿਆਰੇ ਵਾਲੇ, ਆਸ਼ੂਤੋਸ਼ ਜਾਂ ਸਿਰਸੇ ਵਾਲੇ ਦੰਭੀ ਸਾਧ ਅਤੇ ਉਸ ਦੇ ਚਾਟੜਿਆਂ ਵਲੋਂ ਸਿੱਖ ਬੌਧਿਕਤਾ ਨੂੰ ਚਿੜ੍ਹਾਉਣ ਲਈ ਕੀਤੀਆਂ ਜਾ ਰਹੀਆਂ ਭੜਕਾਊ ਕਾਰਵਾਈਆਂ ਉਪਰ ਅਸਰਦਾਰ ਕਾਰਵਾਈ ਕਰਨ ਤੋਂ ਪਾਸਾ ਵੱਟਿਆ ਜਾ ਰਿਹਾ ਹੈ, ਜਿਸ ਦੇ ਸਿੱਟੇ ਇਕ ਵਾਰ ਫਿਰ ਹਿੰਸਕ ਨਿਕਲ ਸਕਦੇ ਹਨ। ਇਸ ਵੇਲੇ ਨਿਰਪੱਖ ਅਤੇ ਸੁਹਿਰਦ ਪੱਤਰਕਾਰੀ ਦੇ ਸਿਰ ਇਕ ਵੱਡੀ ਜ਼ਿੰਮੇਵਾਰੀ ਆਉਂਦੀ ਹੈ ਕਿ ਉਹ ਇਕ ਵਿਸ਼ੇਸ਼ ਨੀਤੀ ਤਹਿਤ ਕੇਵਲ ਪੰਜਾਬ ਉਪਰ ਚੜ੍ਹੇ ਦੰਭੀ ਗੁਰੂਆਂ ਦੇ ਉਸ ਟਿੱਡੀ ਦਲ ਦੀ ਹਰ ਇਕ ਹਰਕਤ ਨੂੰ ਨੋਟ ਕਰਕੇ ਦੁਨੀਆ ਦੇ ਸਾਹਮਣੇ ਲਿਆਉਂਦੀ ਰਹੇ, ਜੋ ਕਿ ਸਿੱਖ ਮਾਨਸਿਕਤਾ ਵਿਚਲੇ ਮਨੁੱਖ ਦੀ ਆਜ਼ਾਦ ਹਸਤੀ ਦੇ ਸਿਰਜਕ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਬਿੰਬ ਨੂੰ, ਹਕੂਮਤੀ ਦਲਾਲਾਂ ਦੀ ਭੂਮਿਕਾ ਨਿਭਾਉਣ ਵਾਲੀ ਅਖੌਤੀ ਅਧਿਆਤਮਿਕਤਾ ਨਾਲ ਢੱਕ ਦੇਣ ਲਈ ਯਤਨਸ਼ੀਲ ਹੈ। ▪▪

# ਮਾਸਿਕ ਰੈਣਿ ਸਬਾਈ ਕੀਰਤਨ ਸਮਾਗਮ

**ਹਰੇਕ ਮਹੀਨੇ ਦੇ ਅਖ਼ੀਰਲੇ ਸ਼ਨਿੱਚਰਵਾਰ ਨੂੰ ਅਖੰਡ ਕੀਰਤਨੀ ਜਥੇ ਵਲੋਂ ਗੁਰਦੁਆਰਾ ਬਿਬੇਕਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ ਸਮਾਗਮ ਕੀਤੇ ਜਾਂਦੇ ਹਨ। ਅੰਮ੍ਰਿਤ ਅਭਿਲਾਸ਼ੀਆਂ ਦੀ ਯੋਗ ਗਿਣਤੀ ਨੂੰ ਦੇਖਦਿਆਂ ਅੰਮ੍ਰਿਤ ਸੰਚਾਰ ਸਮਾਗਮ ਵੀ ਕੀਤੇ ਜਾਂਦੇ ਹਨ।**



# ੧੯੭੮ ਦੇ ਸਾਕੇ ਦੇ ਸ਼ਹੀਦ ਸਿੰਘਾਂ ਦਾ ਵੇਰਵਾ

੧੩ ਅਪ੍ਰੈਲ ੧੯੭੮, ਵਿਸਾਖੀ ਵਾਲੇ ਦਿਨ ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿਹੁੰ ਜੋ ਕਿ ਅੰਮ੍ਰਿਤਸਰ ਵਿਖੇ ਆਪਣੇ ਕੁਸਤਸੰਗ ਵਿਚ ਸਤਿਗੁਰਾਂ ਦਾ ਅਪਮਾਨ ਕਰ ਰਿਹਾ ਸੀ ਤਾਂ 'ਗੁਰ ਕੀ ਨਿੰਦਾ ਸੁਨੈ ਨ ਕਾਨ' ਦੇ ਕਥਨ ਅਨੁਸਾਰ ਅਖੰਡ ਕੀਰਤਨੀ ਜਥੇ ਦੇ ਭਾਈ ਫ਼ੌਜਾ ਸਿੰਘ ਹੋਰਾਂ ਦੀ ਅਗਵਾਈ 'ਚ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਪ੍ਰੇਰਨਾ ਸਦਕਾ ਸਿੰਘਾਂ ਦਾ ਇਕ ਸ਼ਾਂਤਮਈ ਜਥਾ ਇਸ ਕੂੜ ਸਮਾਗਮ ਦੇ ਵਿਰੋਧ ਲਈ ਤੁਰਿਆ ਪਰ ਜਿਸ ਵੇਲੇ ਸਿੰਘਾਂ ਨੇ ਆਣ ਕੇ ਨਕਲੀ ਨਿਰੰਕਾਰੀ ਮੁਖੀ ਗੁਰਬਚਨੇ ਨੂੰ ਗੁਰੂ ਸਾਹਿਬਾਨ ਦੀ ਬੇਅਦਬੀ ਕਰਨ ਤੋਂ ਵਰਜਿਆ ਤਾਂ ਇਸ ਦਾ ਜਵਾਬ ਉਨ੍ਹਾਂ ਨੇ ਸਿੰਘਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਦਿੱਤਾ, ਜਿਸ ਕਾਰਨ ਦੋਹਾਂ ਜਥੇਬੰਦੀਆਂ ਦੇ ੧੩ ਸਿੰਘ ਸ਼ਹੀਦ ਤੇ ੮੦ ਦੇ ਕਰੀਬ ਸਿੰਘ ਜ਼ਖ਼ਮੀ ਹੋ ਗਏ।

ਹੇਠਾਂ ਅਸੀਂ ਪਾਠਕਾਂ ਦੀ ਜਾਣਕਾਰੀ ਲਈ ਇਸ ਸਾਕੇ ਦੇ ੧੩ ਸ਼ਹੀਦ ਸਿੰਘਾਂ ਬਾਰੇ ਸੰਖੇਪ ਜਾਣਕਾਰੀ ਦੇ ਰਹੇ ਹਾਂ:

## ਸ਼ਹੀਦ ਭਾਈ ਫ਼ੌਜਾ ਸਿੰਘ ਜੀ

ਰਾਵੀ ਦੇ ਕੰਢੇ 'ਖ਼ਾਲਸਾ ਫਾਰਮ' ਜ਼ਿਲ੍ਹਾ ਗੁਰਦਾਸਪੁਰ ਵਿਖੇ ਸ. ਸੁਰੈਣ ਸਿੰਘ ਜੀ ਦੇ ਘਰ ੧੭ ਮਈ ੧੯੩੬ ਨੂੰ ਭਾਈ ਫ਼ੌਜਾ ਸਿੰਘ ਜੀ ਦਾ ਜਨਮ ਹੋਇਆ। ਦਸਵੀਂ ਪਾਸ ਕਰਕੇ ਖ਼ਾਲਸਾ ਕਾਲਜ ਵਿਚ ਦਾਖ਼ਲ ਹੋਏ। ਸੰਸਾਰਕ ਜੀਵਨ ਵਲੋਂ ਉਚਾਟ ਆਤਮਾ ਨੇ ਦੋ ਸਾਲ ਲਈ ਆਗਿਆਤਵਾਸ ਲੈ ਲਿਆ। ਸੰਨ ੧੯੬੪ ਵਿਚ ਅਖੰਡ ਕੀਰਤਨੀ ਜਥੇ ਤੋਂ ਅੰਮ੍ਰਿਤਪਾਨ ਕੀਤਾ ਤੇ ੧੯੬੫ ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਅਮਰਜੀਤ ਕੌਰ ਜੀ ਨਾਲ ਹੋਇਆ। ਆਪ ੨੮ ਸਾਲ ਖ਼ਾਲਸਈ ਵਰਦੀ ਵਿਚ ਰਹੇ। ਗੱਤਕੇ ਦੇ ਬੜੇ ਮਾਹਿਰ ਸਨ। ਬੜੇ ਹੀ ਤਪੱਸਵੀ ਤੇ ਉਦਾਰ ਚਿਤ ਵਾਲੇ ਸਨ। ਸਿੰਘਾਂ ਨੂੰ ਬਹੁਤ ਪਿਆਰ ਕਰਦੇ ਸਨ। 'ਬੀਰ ਰਸ' ਤੇ 'ਨਾਮ ਰਸ' ਆਪ ਜੀ ਦੀ ਜੀਵਨ ਨਦੀ ਦੇ ਦੋ ਕਿਨਾਰੇ ਸਨ।

ਆਪ ਖੇਤੀ ਇੰਸਪੈਕਟਰ ਸਨ। ਆਪ ਕਹਿੰਦੇ ਹੁੰਦੇ ਸਨ, "ਜੋ ਅਸੀਂ ਆਪਣੇ 'ਤੇ ਖ਼ਰਚ ਕਰਦੇ ਹਾਂ ਉਹ ਸਭ ਵਿਅਰਥ ਹੈ ਤੇ ਜੋ ਗੁਰਸਿੱਖਾਂ ਦੀ ਟਹਿਲ ਸੇਵਾ ਲਈ ਖ਼ਰਚ ਕਰਦੇ ਹਾਂ ਉਹ ਸਫ਼ਲ ਹੈ।" ਉਨ੍ਹਾਂ ਦੇ ਆਮ ਬਚਨ ਹੁੰਦੇ ਸਨ ਕਿ, 'ਖ਼ਾਲਸਾ ਪੰਥ ਨੂੰ ਦਸਮੇਸ਼ ਪਿਤਾ ਨੇ ਖ਼ੂਨ ਦੇ ਕੇ ਸਿੰਜਿਆ ਹੈ ਤੇ ਜਦੋਂ ਇਸ ਨੂੰ ਔੜ ਪੈਂਦੀ ਹੈ ਤਾਂ ਖ਼ੂਨ ਨਾਲ ਹੀ ਸਿੰਜਣਾ ਪੈਂਦਾ ਹੈ। ਇਹ ਔੜ ਚੱਕਰ ੪੦ ਵਰ੍ਹਿਆਂ ਪਿੱਛੋਂ ਜ਼ਰੂਰ ਚੱਲਦਾ ਹੈ।"

੧੯੭੨ ਵਿਚ ਮਿਸਰੀ ਬਾਜ਼ਾਰ, ਅੰਮ੍ਰਿਤਸਰ ਵਿਖੇ ਅਤੇ ੧੯੭੫ ਵਿਚ ਗੁਰਦੁਆਰਾ ਭਾਈ ਸਾਲ੍ਹੋ ਜੀ ਵਿਖੇ ਹੋਈਆਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਦੀਆਂ ਘਟਨਾਵਾਂ ਨੇ ਆਪ ਦੀਆਂ ਅੱਖਾਂ ਵਿੱਚ ਲਹੂ ਦੇ ਹੰਝੂ ਲੈ ਆਂਦੇ। ਆਪ ਨੇ ਨਵਾਂ ਪ੍ਰੋਗਰਾਮ ਉਲੀਕਿਆ। ਥਾਂ-ਥਾਂ 'ਤੇ ਹੁੰਦੀਆਂ ਅਜਿਹੀਆਂ ਸ਼ਰਾਰਤਾਂ ਨੂੰ ਰੋਕਣ ਲਈ ਆਪ ਨੇ ਕਮਰਕੱਸਾ ਕੱਸਿਆ। ਅਪ੍ਰੈਲ ੧੯੭੮ ਨੂੰ ਵਿਸਾਖੀ ਵਾਲੇ ਦਿਨ ਦੰਭੀ ਗੁਰੂ ਨਕਲੀ ਨਿਰੰਕਾਰੀ ਗੁਰਬਚਨ ਸਿਹੁੰ ਵਲੋਂ ਸ੍ਰੀ ਅੰਮ੍ਰਿਤਸਰ ਵਿਖੇ ਕੀਤੇ ਜਾ ਰਹੇ ਸ਼ਬਦ ਗੁਰੂ ਦੇ ਘੋਰ ਅਪਮਾਨ ਨੂੰ ਰੋਕਣ ਹਿਤ ਕੁਰਬਾਨੀ ਦਿੱਤੀ। ਆਪ ਦੇ ਜਿਸਮ ਨੂੰ ੧੬ ਗੋਲੀਆਂ ਲੱਗੀਆਂ। ਆਖ਼ਰੀ ਗੋਲੀ ਡੀ.ਐਸ.ਪੀ. ਜੋਸ਼ੀ ਨੇ ਆਪ ਦੇ ਸਿਰ ਵਿਚ ਮਾਰ ਕੇ ਆਪ ਨੂੰ ਸ਼ਹੀਦ ਕਰ ਦਿੱਤਾ।

ਸ਼ਹੀਦੀ ਤੋਂ ਅੱਠ ਮਹੀਨੇ ਪਹਿਲਾਂ ਆਪ ਨੇ ਇਕ ਕਵਿਤਾ 'ਕੁਰਬਾਨੀ' ਨਾਮ ਦੀ ਗੁਰਦਾਸਪੁਰ ਜੇਲ੍ਹ ਵਿਚ ਲਿਖੀ ਸੀ, ਜਿਸ ਦੀ ਆਖਰੀ ਪੰਕਤੀ ਹੈ:

**"ਜਬ ਆਵ ਕੀ ਅਉਧ ਨਿਧਾਣ ਬਣਸੀ,**
**ਸੀਸ ਤੇਰਾ ਹੈ ਤੈਨੂੰ ਚੜ੍ਹਾ ਦਿਆਂਗੇ ।"**

## ਸ਼ਹੀਦ ਜਥੇਦਾਰ ਰਣਬੀਰ ਸਿੰਘ ਜੀ ਫ਼ੌਜੀ

ਜਥੇਦਾਰ ਰਣਬੀਰ ਸਿੰਘ ਜੀ ਦਾ ਜਨਮ ਜਥੇਦਾਰ ਕਾਲਾ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਜੀ ਦੀ ਕੁੱਖੋਂ ਹੋਇਆ। ਜਥੇਦਾਰ ਕਾਲਾ ਸਿੰਘ, ਸ਼ਹੀਦ ਭਗਤ ਸਿੰਘ ਦੀ ਜਥੇਬੰਦੀ ਨੌਜਵਾਨ ਸਭਾ ਦੇ ਉਘੇ ਮੈਂਬਰ ਸਨ ਤੇ ਜੈਤੋ ਦੇ ਮੋਰਚੇ ਵਿਚ ਸਿੰਘਣੀ ਸਮੇਤ ਕੈਦ ਵੀ ਕੱਟੀ। ਜਥੇਦਾਰ ਰਣਬੀਰ ਸਿੰਘ ਜੀ ਨੇ ੬ ਸਾਲ ਦੀ ਉਮਰ ਵਿਚ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਥੇ ਤੋਂ ਅੰਮ੍ਰਿਤਪਾਨ ਕੀਤਾ। ਆਪ ਜੀ ਪੰਜ ਗਰੰਥੀ ਦੇ ਨਿਤਨੇਮੀ ਸਨ। ੨੦ ਸਾਲ ਫ਼ੌਜੀ ਜੀਵਨ ਬਿਤਾ ਕੇ ਹਵਾਲਦਾਰੀ ਪੈਨਸ਼ਨ ਆਏ ਤਾਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਜਥਾ ਭਿੰਡਰਾਂ ਮਹਿਤਾ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਉਸਾਰੀ ਲਈ ਜਥੇਦਾਰ ਨਿਯੁਕਤ ਕਰ ਦਿੱਤਾ। ਆਪ ਜੀ ਨੇ ਆਪਣੀ ਪੈਨਸ਼ਨ, ਟਰੈਕਟਰ ਟਰਾਲੀ ਵੀ ਵੇਚ ਕੇ ਸੇਵਾ ਵਿਚ ਲਾ ਦਿੱਤਾ। ਆਪ ਜੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੇ ਅਤੀ ਨਜ਼ਦੀਕੀ ਸਿੰਘਾਂ ਵਿਚੋਂ ਇਕ ਸਨ। ੧੧ ਅਪ੍ਰੈਲ ੧੯੭੮ ਨੂੰ ਆਪ ਨੇ ਸ੍ਰੀ ਗੋਇੰਦਵਾਲ ਸਾਹਿਬ ਜਾ ਕੇ ਬਾਉਲੀ ਸਾਹਿਬ ਵਿਖੇ ਪੌੜੀਆਂ 'ਤੇ ੮੪ ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰ ਕੇ ਅਰਦਾਸ ਕੀਤੀ ਕਿ 'ਸਤਿਗੁਰੂ ਜੀ, ਚੌਰਾਸੀ ਦਾ ਪਿਛਲਾ ਲੇਖਾ ਤਾਂ ਨਿਬੜ ਗਿਆ, ਹੁਣ ਇਸ ਨਿਮਾਣੇ ਸਰੀਰ ਨੂੰ ਵੀ ਲੇਖੇ ਲਾ ਲਵੋ।' ਅਰਦਾਸ ਸੁਣੀ ਗਈ ਤੇ ਆਪ ਜੀ ੧੯੭੮ ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਸ਼ਹੀਦ ਹੋ ਗਏ।

## ਸ਼ਹੀਦ ਭਾਈ ਅਵਤਾਰ ਸਿੰਘ ਜੀ ਕੁਰਾਲਾ

ਆਪ ਜੀ ਦਾ ਜਨਮ ਸੰਨ ੧੯੧੨ ਵਿਚ ਸ. ਭਗਵਾਨ ਸਿੰਘ ਜੀ ਦੇ ਘਰ ਮਾਤਾ ਧੰਨ ਕੌਰ ਦੀ ਕੁੱਖੋਂ ਪਿੰਡ ਕੁਰਾਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ

ਹੋਇਆ। ਆਪ ਜੀ ਦੇ ਪਿਤਾ ਜੀ ਨੂੰ ਫ਼ੌਜ ਵਿਚ ਬਹਾਦਰੀ ਦਿਖਾਉਣ ਤੇ ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਖੇ ਮੁਰੱਬੇ ਮਿਲੇ ਹੋਏ ਸਨ। ਆਪ ਸਾਰੇ ਪਰਿਵਾਰ ਨਾਲ ਉਥੇ ਚਲੇ ਗਏ ਤੇ ਉਥੇ ਹੀ ਦਸਵੀਂ ਤੱਕ ਵਿੱਦਿਆ ਪ੍ਰਾਪਤ ਕੀਤੀ। ਉਪਰੰਤ ਆਪ ਦਾ ਅਨੰਦ ਕਾਰਜ ਬੀਬੀ ਗੁਰਚਰਨ ਕੌਰ ਨਾਲ ਹੋਇਆ। ਪੰਜਾਬ ਦੇ ਬਟਵਾਰੇ ਤੋਂ ਬਾਅਦ ਮੁੜ ਪੁਰਾਣੇ ਪਿੰਡ ਕੁਰਾਲੇ ਆ ਗਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਦਾ ਗੂੜ੍ਹਾ ਰੰਗ ਚੜ੍ਹਿਆ ਤੇ ਗੁਰਮਤਿ ਵਿਚ ਪ੍ਰਪੱਕ ਹੋ ਗਏ।

੧੩ ਅਪ੍ਰੈਲ ੧੯੬੧ ਨੂੰ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ, ਨਾਮ ਬਾਣੀ ਦੇ ਗੂੜ੍ਹੇ ਰੰਗ ਵਿਚ ਰੰਗੇ ਗਏ। ਅਖੰਡ ਕੀਰਤਨੀ ਸਮਾਗਮਾਂ ਦੇ ਪੱਕੇ ਸਰੋਤੇ ਸਨ। ਆਪ ਦੇ ਪੰਜ ਸਪੁੱਤਰ ਭਾਈ ਕਿਰਪਾਲ ਸਿੰਘ, ਭਾਈ ਹਰਬਖ਼ਸ਼ ਸਿੰਘ, ਭਾਈ ਇਕਬਾਲ ਸਿੰਘ, ਭਾਈ ਰਤਨ ਸਿੰਘ, ਭਾਈ ਹਰਭਜਨ ਸਿੰਘ ਅਤੇ ਸਪੁੱਤਰੀ ਬੀਬੀ ਸੁਰਜੀਤ ਕੌਰ ਜੀ ਹਨ। ਇਸ ਸਾਕੇ ਸਮੇਂ ਇਨ੍ਹਾਂ ਦੇ ਸਪੁੱਤਰ ਭਾਈ ਇਕਬਾਲ ਸਿੰਘ ਵੀ ਨਾਲ ਸਨ ਜੋ ਇਕ ਗੋਲੀ ਤੇ ਇਕ ਤੀਰ ਲੱਗਣ ਨਾਲ ਸਖ਼ਤ ਫੱਟੜ ਹੋ ਗਏ। ਬੁੱਚੜ ਨਰਕਧਾਰੀਆਂ ਨੇ ਜਦੋਂ ਆਪ ਨੂੰ ਗੋਲੀ ਮਾਰੀ ਤਾਂ ਆਪ ਦਾ ੬੬ ਸਾਲਾ ਬਿਰਧ ਸਰੀਰ ਡਿੱਗ ਪਿਆ, ਮੌਕੇ 'ਤੇ ਮੌਜੂਦ ਆਪ ਦੇ ਸਾਥੀਆਂ ਨੇ ਦੱਸਿਆ; ਆਪ ਝੱਟ-ਪੱਟ ਸੰਭਲ ਕੇ ਚੌਂਕੜਾ ਮਾਰ ਬੈਠ ਗਏ, ਅੰਤ ਸਮਾਂ ਨੇੜੇ ਜਾਣ ਕੇ ਸਿਮਰਨ ਵਿਚ ਲੀਨ ਹੋ ਗਏ, ਦੋਖੀ ਡਾਂਗਾਂ ਵਰ੍ਹਾਈ ਗਏ ਤੇ ਆਖਰ ਭਾਈ ਅਵਤਾਰ ਸਿੰਘ ਜੀ ਕੁਰਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਲਈ ਸ਼ਹੀਦ ਹੋ ਗਏ।

## ਸ਼ਹੀਦ ਭਾਈ ਰਘਬੀਰ ਸਿੰਘ ਜੀ ਭਗੂਪੁਰ

ਆਪ ਦਾ ਜਨਮ ਪਿੰਡ ਭਗੂਪੁਰ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ੧੦ ਮਾਰਚ ੧੯੪੯ ਨੂੰ ਸ. ਨਵਾਬ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਪਾਲ ਕੌਰ ਦੀ ਕੁੱਖੋਂ ਹੋਇਆ। ਪਿੰਡ ਵਿਚ ਹੀ ਅੱਠਵੀਂ ਤੱਕ ਪੜ੍ਹਾਈ ਕਰ ਕੇ ਬੰਬੇ ਇੰਜੀਨਿਅਰਿੰਗ ਗਰੁੱਪ ਪੂਨਾ ਵਿਖੇ ਭਰਤੀ ਹੋ ਗਏ। ੧੧ ਅਪ੍ਰੈਲ ੧੯੬੭ ਨੂੰ ਆਪ ਜੀ ਅੰਮ੍ਰਿਤਪਾਨ ਕਰ ਕੇ 'ਖ਼ਾਲਸਾ ਅਕਾਲ ਪੁਰਖ ਕੀ ਫ਼ੌਜ' ਵਿਚ ਭਰਤੀ ਹੋ ਗਏ ਤੇ ੧੯੬੮ ਵਿਚ ਇੰਜੀਨਿਅਰਿੰਗ ਗਰੁੱਪ 'ਚੋਂ ਨਾਮ ਕਟਵਾ ਲਿਆ। ਪਟਿਆਲੇ ਆ ਕੇ 'ਸੂਰਾ' ਪ੍ਰਿੰਟਿੰਗ ਪ੍ਰੈਸ ਵਿਚ ਕੰਪੋਜ਼ਿਟਰ ਲੱਗੇ ਤੇ ਨਾਲ ਹੀ ਭਾਈ ਫ਼ੌਜਾ ਸਿੰਘ ਨਾਲ ਮਿਲ ਕੇ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਕਰਦੇ ਰਹੇ। ਉਪਰੰਤ ਆਪ ਪੰਜਾਬ ਐਂਡ ਸਿੰਧ ਬੈਂਕ ਸੁਨਾਮ ਵਿਚ ਲੱਗ ਗਏ। ਸੰਨ ੧੯੭੫ ਵਿਚ ਆਪ ਦਾ ਆਨੰਦ ਕਾਰਜ ਬੀਬੀ ਹਰਦੇਵ ਕੌਰ ਜੀ ਨਾਲ ਹੋਇਆ, ਦੋਵੇਂ ਜੀਅ ਨਾਮ ਅਭਿਲਾਸ਼ੀ ਤੇ ਪੱਕੀ ਰਹਿਣੀ-ਬਹਿਣੀ ਵਾਲਾ ਜੀਵਨ ਗੁਜ਼ਾਰ ਰਹੇ ਹਨ। ਸੰਨ ੧੯੭੮ ਨੂੰ ਸ੍ਰੀ ਅੰਮ੍ਰਿਤਸਰ ਪੁੱਜੇ, 'ਗੁਰ ਕੀ ਨਿੰਦਾ ਸੁਨਹਿ ਨ ਕਾਨ' ਦੇ ਸ਼ਬਦਾਂ ਅੰਦਰੋਂ ਵੰਗਾਰ ਪਾਈ ਤਾਂ ਅਕਾਲ ਪੁਰਖ ਦੇ ਭਾਣੇ ਵਿਚ ਸ਼ਹੀਦੀ ਸਾਕੇ ਵਰਤ ਗਏ।

## ਸ਼ਹੀਦ ਭਾਈ ਕੇਵਲ ਸਿੰਘ ਜੀ

੮ ਮਾਰਚ ੧੯੫੩ ਨੂੰ ਮੁਹੱਲਾ ਪ੍ਰੇਮ ਗੜ੍ਹ ਹੁਸ਼ਿਆਰਪੁਰ ਨਿਵਾਸੀ ਸ. ਅਮਰ ਸਿੰਘ ਜੀ ਦੇ ਘਰ ਮਾਤਾ ਸਤਿਆ ਕੌਰ ਦੀ ਕੁੱਖੋਂ ਭਾਈ ਕੇਵਲ ਸਿੰਘ ਜੀ ਦਾ ਜਨਮ ਹੋਇਆ। ਆਪ ਦੇ ਪਿਤਾ ਜੀ ਦਾ ਕਲਕੱਤੇ ਵਿਖੇ ਚੰਗਾ ਟਰਾਂਸਪੋਰਟ ਦਾ ਕੰਮ ਚੱਲਦਾ ਸੀ, ਇਸ ਲਈ ਆਪ ਵੀ ਕਲਕੱਤੇ ਚਲੇ ਗਏ। ਦਸਤਕਾਰੀ ਵੱਲ ਰੁਚੀ ਹੋਣ ਕਾਰਨ ਕਿਸ਼ਨ ਗੰਜ (ਬਿਹਾਰ) ਤੋਂ ਮੋਟਰ ਇਲੈਕਟ੍ਰਿਕ ਦਾ ਕੰਮ ਸਿੱਖ ਲਿਆ। ਸੰਨ ੧੯੭੨ ਵਿਚ ਅੰਮ੍ਰਿਤਪਾਨ ਕੀਤਾ ਤੇ ਪੂਰਨ ਗੁਰਸਿੱਖੀ ਰਹਿਤ ਵਿਚ ਵਿਚਰਨ ਲੱਗੇ, ਅਖੰਡ ਕੀਰਤਨ ਸਮਾਗਮਾਂ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਸਨ, ਦੁਨਿਆਵੀਂ ਰੁਚੀਆਂ ਵਲੋਂ ਦੂਰ ਹੁੰਦੇ ਗਏ। ਕਈ ਬਾਣੀਆਂ ਕੰਠ ਕਰ ਲਈਆਂ, ਸਤਿ ਸੰਗਤ, ਕੀਰਤਨ ਸਮਾਗਮਾਂ ਅਤੇ ਸਿਮਰਨ ਸੇਵਾ ਵਿਚ ਡੂੰਘੇ ਉਤਰ ਗਏ। ਕਈ ਵਾਰ ਬਿਮਾਰ ਹੋਏ ਤਾਂ ਅਰਦਾਸਾ ਕਰਦੇ, 'ਹੇ ਸਤਿਗੁਰ! ਇਸ ਮੌਤੇ ਨਹੀਂ ਸਗੋਂ ਸ਼ਹੀਦ ਦੀ ਮੌਤ ਦੇਵੀਂ..।' ਅਰਦਾਸੇ ਉਪਰੰਤ ਠੀਕ ਹੋ ਜਾਂਦੇ ਰਹੇ।

ਆਖਰ ਜਦੋਂ ਨਰਕਧਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਾਨ ਵਿਰੁੱਧ ਬੁਰਛਾਗਰਦੀ ਸ਼ੁਰੂ ਕੀਤੀ ਤਾਂ ਆਪ ਸ਼ਰਧਾਲੂ ਸਿੰਘਾਂ ਦੇ ਸ਼ਾਂਤਮਈ ਰੋਸ ਪ੍ਰਦਰਸ਼ਨ ਵਿਚ ਸ਼ਾਮਲ ਹੋ ਕੇ ਗੁਰੂ ਪ੍ਰੇਮ ਹਿੱਤ ਸ਼ਹੀਦ ਹੋ ਗਏ। ਜਦੋਂ ਭਾਈ ਫ਼ੌਜਾ ਸਿੰਘ ਜੀ ਗੋਲੀਆਂ ਦੀ ਬੁਛਾੜ ਵਿਚ ਆ ਕੇ ਡਿੱਗ ਪਏ ਤਾਂ ਆਪ ਜੀ ਭਾਈ ਫ਼ੌਜਾ ਸਿੰਘ ਦੇ ਉਤੇ ਡਿੱਗ ਪਏ ਤਾਂ ਜੋ ਉਨ੍ਹਾਂ ਉਪਰ ਹੋਰ ਵਾਰ ਨਾ ਹੋ ਸਕੇ ਪਰ ਹੱਤਿਆਰਿਆਂ ਨੇ ਆਪ ਨੂੰ ਵੀ ਗੋਲੀਆਂ ਨਾਲ ਛਾਨਣੀ-ਛਾਨਣੀ ਕਰ ਦਿੱਤਾ ਤੇ ਆਪ ਸ਼ਹਾਦਤ ਪਾ ਗਏ।

## ਸ਼ਹੀਦ ਭਾਈ ਹਰਭਜਨ ਸਿੰਘ ਜੀ

ਆਪ ਦਾ ਜਨਮ ਅਪ੍ਰੈਲ ੧੯੪੭ ਵਿਚ ਪਿੰਡ ਭੱਟੀਆਂ ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕ ਸ. ਜਗਤ ਸਿੰਘ ਜੀ ਦੇ ਘਰ, ਮਾਤਾ ਹਰਬੰਸ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਤੋਂ ਕੋਰਸ ਕਰਨ ਉਪਰੰਤ ਖੇਤੀਬਾੜੀ ਇੰਸਪੈਕਟਰ ਦੇ ਤੌਰ 'ਤੇ ਨੌਕਰੀ ਲੱਗ ਗਏ। ਆਪ ਜੀ ਪੰਜ ਕਕਾਰੀ ਅੰਮ੍ਰਿਤਧਾਰੀ, ਰਹਿਣੀ-ਬਹਿਣੀ ਵਾਲੇ, ਨਿਤਨੇਮੀ, ਗੁਰਮੁਖੀ ਬਾਣੇ ਵਿਚ ਵਿਚਰਦੇ ਸਨ। ਅਖੰਡ ਕੀਰਤਨੀ ਜਥੇ ਦੀ ਸੰਗਤ ਦਾ ਇਨ੍ਹਾਂ 'ਤੇ ਗੂੜ੍ਹਾ ਰੰਗ ਸੀ। ਆਪਣੇ ਮਹਿਕਮੇ ਵਿਚ ਤੇ ਆਪਣੇ ਇਲਾਕੇ ਵਿਚ ਬਹੁਤ ਹੀ ਹਰਮਨ-ਪਿਆਰੇ ਤੇ ਸੁਹਿਰਦ ਮੰਨੇ ਜਾਂਦੇ ਸਨ। ਆਪ ਦਾ ਅਨੰਦ ਕਾਰਜ ਬੀਬੀ ਜੋਗਿੰਦਰ ਕੌਰ ਜੀ ਅੰਮ੍ਰਿਤਧਾਰੀ ਤੇ ਰਹਿਤ-ਬਹਿਤ ਵਾਲੀ ਗੁਰਮੁਖ ਸੁਭਾਅ ਵਾਲੀ ਬੀਬੀ ਨਾਲ ਹੋਇਆ। ਆਪ ਦੇ ਤਿੰਨ ਬੱਚੇ ਹਨ, ਦੋ ਲੜਕੇ ਤੇ ਇਕ ਲੜਕੀ। ਤਿੰਨੇ ਬੱਚੇ ਅੰਮ੍ਰਿਤਧਾਰੀ ਹਨ। ਅਪ੍ਰੈਲ ੧੯੭੮ ਨੂੰ ਅੰਮ੍ਰਿਤਸਰ ਵਿਚ ਆਪ ਸ਼ਹੀਦੀ ਜਥੇ ਵਿਚ ਸ਼ਹਾਦਤ ਪਾ ਕੇ ਸੁੱਤੀ ਹੋਈ ਕੌਮ ਨੂੰ ਝੰਜੋੜ ਗਏ।

## ਸ਼ਹੀਦ ਜਥੇਦਾਰ ਅਮਰੀਕ ਸਿੰਘ ਜੀ

੧੩ ਅਪ੍ਰੈਲ ੧੯੭੮ ਨੂੰ ਹੋਏ ੧੩ ਸ਼ਹੀਦਾਂ ਵਿਚ ਜਥੇਦਾਰ ਅਮਰੀਕ ਸਿੰਘ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹਨ। ਸ਼ਹੀਦੀ ਸਾਕੇ ਸਮੇਂ ਆਪ ਜੀ ਦੀ ਉਮਰ ੨੧ ਸਾਲ ਸੀ। ਆਪ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤਪਾਨ ਕਰਨ ਉਪਰੰਤ ਪੂਰਨ ਰਹਿਣੀ-ਬਹਿਣੀ ਵਾਲੇ, ਨਿਤਨੇਮੀ ਤੇ ਸਤਿਸੰਗੀ ਜੀਵਨ ਬਿਤਾ ਰਹੇ ਸਨ। ਇਕ ਵਾਰ ਆਪਣੇ ਬਹੁਤ ਸਾਰੇ ਨਗਰ ਨਿਵਾਸੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਲੈ ਜਾ ਕੇ ਅੰਮ੍ਰਿਤਪਾਨ ਕਰਵਾਇਆ ਤਾਂ ਤਖ਼ਤ ਵਲੋਂ ਆਪ ਨੂੰ 'ਜਥੇਦਾਰ' ਦਾ ਖਿਤਾਬ ਦਿੱਤਾ ਗਿਆ। ਆਪ ਨੇ ਚੌਕ ਮਹਿਤਾ ਵਿਖੇ ਭਿੰਡਰਾਂ ਜਥੇ ਦੀ ਸੰਗਤ ਤੋਂ ਗੁਰਮਤਿ ਵਿਚ ਤੇ ਗੁਰਸਿੱਖੀ ਵਿਚ ਦ੍ਰਿੜ੍ਹਤਾ ਪ੍ਰਾਪਤ ਕੀਤੀ। ਆਪ ਜੀ ਖੁਜਾਲਾ ਨਗਰ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ।

੧੩ ਅਪ੍ਰੈਲ ੧੯੭੮ ਨੂੰ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾ ਬਰਦਾਸ਼ਤ ਕਰਦਿਆਂ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਸ਼ਹਾਦਤ ਦੇ ਜਾਮ ਪੀ ਗਏ।

## ਸ਼ਹੀਦ ਭਾਈ ਪਿਆਰਾ ਸਿੰਘ ਜੀ

੨ ਫ਼ਰਵਰੀ ੧੯੫੪ ਨੂੰ ਭੁੰਗਰਨੀ ਵਿਖੇ ਸ. ਕਿਸ਼ਨ ਸਿੰਘ ਜੀ ਦੇ ਘਰ ਮਾਤਾ ਭਾਗੋ ਜੀ ਦੀ ਕੁੱਖੋਂ ਇਸ ਸ਼ਹੀਦ ਦਾ ਜਨਮ ਹੋਇਆ। ਇਹ ਏਅਰ

ਫੋਰਸ 'ਚੋਂ ਸਰਵਿਸ ਛੱਡ ਕੇ ਅੰਮ੍ਰਿਤਪਾਨ ਕਰ ਕੇ ਗੁਰਮਤਿ ਪ੍ਰਚਾਰ ਲਹਿਰ ਵਿਚ ਸ਼ਾਮਲ ਹੋ ਗਏ। ਬੜੇ ਗੁਰਮੁਖ, ਮਿਲਣਸਾਰ, ਨਿਮਰਤਾ ਤੇ ਪਿਆਰ ਦੇ ਪੁੰਜ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਹਿੱਤ ਆਪ ਜੀ ਨੇ ੧੩ ਅਪ੍ਰੈਲ ੧੯੭੮ ਨੂੰ ਸ਼ਹੀਦੀ ਦਿੱਤੀ।

## ਸ਼ਹੀਦ ਭਾਈ ਹਰੀ ਸਿੰਘ ਜੀ

ਸ਼ਹੀਦ ਭਾਈ ਹਰੀ ਸਿੰਘ ਜੀ ਦਾ ਜਨਮ ਪਿੰਡ ਜੰਡਾਂ ਵਾਲੇ, ਤਹਿਸੀਲ ਖਾਰੀਆਂ, ਜ਼ਿਲ੍ਹਾ ਗੁਜਰਾਤ ਦੇ ਵਸਨੀਕ ਗਿਆਨੀ ਗੁਰਚਰਨ ਸਿੰਘ ਜੀ ਦੇ ਘਰ ਮਾਤਾ ਭਾਗ ਕੌਰ ਜੀ ਦੀ ਕੁੱਖੋਂ ੧੭ ਜੂਨ ੧੯੨੩ ਨੂੰ ਹੋਇਆ। ਆਪ ਦਸਤਕਾਰੀ ਦਾ ਕਾਰ-ਵਿਹਾਰ ਕਰਦੇ ਸਨ, ਅੰਮ੍ਰਿਤਧਾਰੀ ਪੂਰਨ ਗੁਰਸਿੱਖ ਸਨ। ਪੰਥਕ ਸੇਵਾ ਦੀ ਲਗਨ ਆਪ ਨੂੰ ਪਿਤਾ ਜੀ ਤੋਂ ਵਿਰਸੇ ਵਿਚ ਪ੍ਰਾਪਤ ਹੋਈ। ਸੰਨ ੧੯੭੮ ਨੂੰ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਹਿੱਤ ਆਪ ਜੀ ਨੇ ਸ਼ਹੀਦੀ ਦਿੱਤੀ।

ਆਪ ਜੀ ਦੀ ਸਿੰਘਣੀ ਬੜੀ ਸਿੱਖੀ ਸਿਦਕ ਵਾਲੀ ਹੈ। ਜਦੋਂ ੨੩ ਅਪ੍ਰੈਲ ੧੯੭੮ ਨੂੰ ਆਪ ਜੀ ਦੀ ਸੁਪਤਨੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਨਮਾਨਿਤ ਕੀਤਾ ਤਾਂ ਉਨ੍ਹਾਂ ਨੇ ਕਿਹਾ, "ਮੇਰੇ ਪਤੀ ਜੀ ਗੁਰੂ ਕੇ ਲੇਖੇ ਲੱਗੇ ਹਨ ਅਤੇ ਜਦੋਂ ਪੰਥ ਨੂੰ ਹੋਰ ਲੋੜ ਪਵੇ ਤਾਂ ਮੇਰੇ ਤਿੰਨ ਪੁੱਤਰ ਵੀ ਹਾਜ਼ਰ ਹਨ।"

## ਸ਼ਹੀਦ ਭਾਈ ਗੁਰਚਰਨ ਸਿੰਘ ਜੀ

ਸ਼ਹੀਦ ਗੁਰਚਰਨ ਸਿੰਘ ਜੀ ਦਾ ਜਨਮ ੧ ਅਕਤੂਬਰ ੧੯੪੬ ਨੂੰ ਭਾਈ ਦਲੀਪ ਸਿੰਘ ਜੀ ਦੇ ਘਰ ਸਰਦਾਰਨੀ ਨਰੈਣ ਕੌਰ ਦੀ ਕੁੱਖੋਂ ਹੋਇਆ। ਆਪ ਜੀ ਨੇ ਪੰਜ ਸਾਲ ਦੀ ਉਮਰ ਵਿਚ ਅੰਮ੍ਰਿਤਪਾਨ ਕੀਤਾ। ਪੰਜਵੀਂ ਵਿਚ ਪੜ੍ਹਦਿਆਂ ਤੱਕ ਨਿਤਨੇਮ ਦੀਆਂ ਪੰਜੇ ਬਾਣੀਆਂ ਕੰਠ ਕਰ ਲਈਆਂ ਤੇ ਪੱਕੇ ਨਿਤਨੇਮੀ ਬਣ ਗਏ। ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਵਿਚ ਐਕਸਟੈਨਸ ਡੀਮਾਨਸਟਰੇਟਰ ਦੀ ਅਸਾਮੀ 'ਤੇ ਨਿਯੁਕਤ ਸਨ। ਆਪ ਸਿੰਘਾਂ ਨਾਲ ਬੜਾ ਪ੍ਰੇਮ ਕਰਦੇ ਸਨ। ੧੩ ਅਪ੍ਰੈਲ ੧੯੭੮ ਦੇ ਸ਼ਹੀਦੀ ਜਥੇ ਵਿਚ ਸ਼ਹੀਦੀ ਪਾ ਕੇ ਆਪ ਨੇ ਸੁੱਤੀ ਹੋਈ ਕੌਮ ਨੂੰ ਜਗਾਉਣ ਵਿਚ ਯੋਗਦਾਨ ਪਾਇਆ।

## ਸ਼ਹੀਦ ਭਾਈ ਗੁਰਦਿਆਲ ਸਿੰਘ ਜੀ ਮੋਦੇ

ਭਾਈ ਗੁਰਦਿਆਲ ਸਿੰਘ ਜੀ ਆਪਣੇ ਖ਼ਾਨਦਾਨ 'ਚੋਂ ਪਹਿਲੇ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਸਨ। ਅਖੰਡ ਪਾਠਾਂ ਵਿਚ ਸ਼ਾਮਲ ਹੁੰਦੇ ਪਰ ਭੇਟਾ ਨਹੀਂ ਸਨ ਲੈਂਦੇ। ਆਪ ਨੇ ੧੯੬੬ ਨੂੰ ਭਿੰਡਰਾਂ ਵਾਲੇ ਜਥੇ ਤੋਂ ਅੰਮ੍ਰਿਤਪਾਨ ਕੀਤਾ। ਆਪ ਨਾਮ ਅਭਿਆਸੀ ਤੇ ਰਹਿਤਵਾਨ ਸਿੰਘ ਸਨ। ੧੯੭੮ ਦੀ ਵਿਸਾਖੀ ਮੌਕੇ ਅੰਮ੍ਰਿਤਸਰ ਆਏ ਤੇ 'ਗੁਰ ਕੀ ਨਿੰਦਾ ਸੁਨਹਿ ਨ ਕਾਨ' 'ਤੇ ਫੁੱਲ ਚੜ੍ਹਾਉਂਦਿਆਂ ਸ਼ਹੀਦੀ ਜਥੇ ਵਿਚ ਸ਼ਾਮਲ ਹੋਏ। ਆਪ ਅਕਸਰ ਅਰਦਾਸ ਕਰਦੇ ਸਨ ਕਿ 'ਹੇ ਸਤਿਗੁਰੂ ਤੇਰੇ ਚਰਨਾਂ ਵਿੱਚ ਹੀ ਮੇਰਾ ਸੀਸ ਲੱਗੇ।'

## ਸ਼ਹੀਦ ਬਾਬਾ ਦਰਸ਼ਨ ਸਿੰਘ ਜੀ ਮਹਿਤਾ

ਪਿੰਡ ਨਵਾਂ ਵੈਰੋਨੰਗਲ, ਤਹਿਸੀਲ ਬਟਾਲਾ ਦੇ ਵਸਨੀਕ ਸ. ਅੱਛਰ ਸਿੰਘ ਜੀ ਦੇ ਘਰ ਸ਼ਹੀਦ ਬਾਬਾ ਦਰਸ਼ਨ ਸਿੰਘ ਦਾ ਜਨਮ ਹੋਇਆ। ਸ਼ਹੀਦੀ ਸਮੇਂ ਆਪ ਦੀ ਉਮਰ ੮੦ ਸਾਲ ਸੀ। ਵਿਸਾਖੀ ੭੮ ਦੇ ੧੩ ਸ਼ਹੀਦਾਂ ਵਿਚੋਂ ਆਪ ਸਭ ਤੋਂ ਵੱਡੀ ਉਮਰ ਦੇ ਸਨ। ਆਪ ਜੀ ਚੇਲੇਆਣੇ ਦੇ ਸ਼ਹੀਦੀ ਸਾਕੇ ਵਿਚ ਵੀ ਸ਼ਾਮਲ ਸਨ। ਆਪ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਇਕ ਸਨ। ਆਪ ਜੀ ਨੂੰ 'ਸੁਤੰਤਰਤਾ ਸੰਗਰਾਮੀ' ਵਜੋਂ ਪੈਨਸ਼ਨ ਵੀ ਮਿਲਦੀ ਸੀ। ਆਪ ਜੀ ਬੜੇ ਧਾਰਮਿਕ ਰੁਚੀਆਂ ਵਾਲੇ ਸਨ ਤੇ ਬੇਹੰਗਮ ਰਹਿ ਕੇ ਗੁਰਦੁਆਰਿਆਂ ਵਿਚ ਗ੍ਰੰਥੀ ਦੀ ਸੇਵਾ ਕਰਦੇ ਰਹੇ।

ਸੰਤ ਕਰਤਾਰ ਸਿੰਘ ਜੀ ਖ਼ਾਲਸਾ ਜਥਾ ਭਿੰਡਰਾਂ ਨੇ ਆਪ ਨੂੰ ਗੁਰਦੁਆਰਾ ਮਹਿਤਾ ਦੀ ਜ਼ਮੀਨ ਦੀ ਸੇਵਾ-ਸੰਭਾਲ ਦਾ ਜਥੇਦਾਰ ਨਿਯੁਕਤ ਕਰ ਦਿੱਤਾ। ਇਹ ਸੇਵਾ ਆਪ ਨੇ ਤਨ-ਮਨ ਨਾਲ ਨਿਭਾਈ। ਸਤਿਗੁਰ ਦੇ ਭਾਣੇ ਵਿਚ ਰਹਿ ਕੇ ਆਪ ਨੇ ਸ਼ਾਂਤਮਈ ਢੰਗ ਨਾਲ ਸ਼ਹੀਦੀ ਪ੍ਰਾਪਤ ਕੀਤੀ।

## ਸ਼ਹੀਦ ਭਾਈ ਧਰਮਬੀਰ ਸਿੰਘ ਜੀ

ਭਾਈ ਧਰਮਬੀਰ ਸਿੰਘ ਜੀ ਦਾ ਜਨਮ ੧੫ ਮਾਰਚ ੧੯੫੩ ਨੂੰ ਦਿੱਲੀ ਵਿਖੇ ਭਾਈ ਲਾਲ ਸਿੰਘ ਜੀ ਦੇ ਘਰ ਮਾਤਾ ਬਾਲ ਕੌਰ ਜੀ ਦੀ ਕੁੱਖੋਂ ਹੋਇਆ। ਆਪ ਦਾ ਪਰਿਵਾਰ ਪਿੰਡ ਸਾਹੋਵਾਲ, ਤਹਿਸੀਲ ਡਸਕਾ ਜ਼ਿਲ੍ਹਾ ਸਿਆਲਕੋਟ ਦਾ ਰਹਿਣ ਵਾਲਾ ਸੀ। ਆਪ ਨੇ ਸਕੂਲੀ ਵਿਦਿਆ ਪ੍ਰਾਪਤੀ ਸਮੇਂ ਹੀ ਅੰਮ੍ਰਿਤਪਾਨ ਕਰ ਲਿਆ ਸੀ ਤੇ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਸਨ। ਆਪ ਨੇ ਬੜੀ ਮਿਹਨਤ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਇਕ ਕਿਰਪਾਨ ਫ਼ੈਕਟਰੀ ਕਾਇਮ ਕੀਤੀ। ਆਪ ਕੀਰਤਨ ਸੁਣਨ ਦੇ ਬੜੇ ਰਸੀਏ ਸਨ। ਭਾਈ ਫ਼ੌਜਾ ਸਿੰਘ ਜੀ ਸ਼ਹੀਦ ਨਾਲ ਆਪ ਦਾ ਗੂੜ੍ਹਾ ਪਿਆਰ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵਰੋਸਾਏ ਅਖੰਡ ਕੀਰਤਨੀ ਜਥੇ ਦੀ ਸੰਗਤ ਦਾ ਇਨ੍ਹਾਂ 'ਤੇ ਡੂੰਘਾ ਪ੍ਰਭਾਵ ਸੀ। ਭਾਈ ਫ਼ੌਜਾ ਸਿੰਘ ਨਾਲ ਮਿਲ ਕੇ 'ਗੁਰੂ ਕੇ ਮਹਿਲ' ਵਿਚ ਤੇ ਟੋਭਾ ਭਾਈ ਸਾਲ੍ਹੋ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਸ਼ਰਾਰਤੀਆਂ ਨੂੰ ਖ਼ਾਲਸਈ ਹੱਥ ਦਿਖਾਏ। ਉਸ ਕੇਸ ਵਿਚ ਗ੍ਰਿਫ਼ਤਾਰ ਹੋਣ ਵਾਲਿਆਂ ਵਿਚੋਂ ਆਪ ਵੀ ਸਨ ਤੇ ਤਿੰਨ ਮਹੀਨੇ ਜੇਲ੍ਹ ਕੱਟੀ ਸੀ।

ਦੋ ਮਹੀਨਿਆਂ ਬਾਅਦ ਪਰਿਵਾਰ ਨੇ ਆਪ ਦਾ ਅਨੰਦ ਕਾਰਜ ਰੱਖਿਆ ਹੋਇਆ ਸੀ ਕਿ ਨਕਲੀ ਨਿਰੰਕਾਰੀਆਂ ਵਲੋਂ ਹੁੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਬਰਦਾਸ਼ਤ ਨਾ ਕਰਦਿਆਂ, ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਮੌਤ ਲਾੜੀ ਨੂੰ ਅਪਣਾ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।



ਗੁਰਦੁਆਰਾ ਭੋਰਾ ਸਾਹਿਬ, ਬਾਬਾ ਬਕਾਲਾ, ਜਿਥੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ੨੬ ਸਾਲ ੯ ਮਹੀਨੇ ੧੩ ਦਿਨ ਤਪੱਸਿਆ ਕੀਤੀ ਸੀ ਅਤੇ ਇਥੇ ਹੀ ਮੱਖਣ ਸ਼ਾਹ ਲੁਬਾਣੇ ਦੀ ਅੰਤਰ ਆਤਮੇ ਕੀਤੀ ਅਰਦਾਸ ਪੂਰੀ ਕਰਕੇ ਨੌਵੀਂ ਪਾਤਿਸ਼ਾਹੀ ਪ੍ਰਗਟ ਹੋਏ ਸਨ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਕਰਨ ਆਉਂਦੀਆਂ ਸੰਗਤਾਂ ਦੀ ਸਹੂਲਤ ਲਈ ਰਿਹਾਇਸ਼, ਲੰਗਰ ਅਤੇ ਦੀਵਾਨ ਹਾਲ ਦੀ ਉਪਰੋਕਤ ਇਮਾਰਤ ਦੀ ਸੇਵਾ 'ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟਰੱਸਟ' ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਪੰਥ ਦੀ ਸੋਨ ਚਿੜੀ' ਅਤੇ 'ਪੰਥ ਰਤਨ' ਦੇ ਖਿਤਾਬ ਨਾਲ ਨਿਵਾਜੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਮਿੱਠੀ ਯਾਦ ਵਿਚ ਆਰੰਭ ਹੈ। ਤਨ, ਮਨ, ਧਨ ਦੇ ਨਾਲ ਸੇਵਾ ਕਰਕੇ ਇਸ ਕਾਰਜ ਨੂੰ ਮੁਕੰਮਲ ਕਰਨ ਵਿਚ ਯੋਗਦਾਨ ਪਾਓ ਜੀ।




ਬੈਂਕ ਰਾਹੀਂ ਮਾਇਆ : ਅਕਾਊਂਟ ਨੰ : 13131000009470 HDFC ਬੈਂਕ ਰਾਹੀਂ ਭੇਜੋ ਜੀ।

# ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟਰੱਸਟ

ਚੌਕ ਬਾਬਾ ਸਾਹਿਬ, ਅੰਮ੍ਰਿਤਸਰ (ਅਦਾਰਾ ਅਖੰਡ ਕੀਰਤਨੀ ਜਥਾ)

ਸੰਪਰਕ ਨੰ : 98880-20806, 98761-24861, 097177-88148, 97800-28335, 93560-94608

ਕਰਨ ਵਾਸਤੇ ਦੂਰ ਪਿਆਸ ਆਪਣੀ,
ਹੱਥੀਂ ਖੂਹ ਕੁਰਬਾਨੀ ਦਾ ਗੇੜਦੇ ਰਹੇ ।
ਜੋਗ ਅਸੀਂ ਦਸਮੇਸ਼ ਤੋਂ ਲਿਆ ਐਸਾ,
ਜਾਣ ਬੁੱਝ ਕੇ ਨਾਗਾਂ ਨੂੰ ਛੇੜਦੇ ਰਹੇ ।



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਜ਼ਮਤ, ਸਿੱਖੀ ਸਿਧਾਂਤ ਅਤੇ ਗੁਰੂ ਪੰਥ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਸ਼ਹੀਦ ਹੋਏ ਭਾਈ ਫ਼ੌਜਾ ਸਿੰਘ ਤੇ ਸਾਥੀ ਪਤੰਗਿਆਂ ਦਾ ਕਾਫ਼ਲਾ...